# ਸਿਸਕੀਆਂ



ਹਰਜਿੰਦਰ ਬੱਲ

SISKIYAAN
Punjabi Ghazals by
**HARJINDER BAL**
26-Bhopal Complex, Sahdev Market,
Jalandhar-144001
Mobile : 98148 75959

© ਲੇਖਕ

ਸਰਵਰਕ : **ਸੁਖਵੰਤ**

ਪਹਿਲੀ ਵਾਰ 2007

ਪ੍ਰਕਾਸ਼ਕ **ਰਜਿੰਦਰ ਬਿਮਲ**

**ਕੁਕਨੁਸ ਪ੍ਰਕਾਸ਼ਨ**
ਐੱਨ. ਐੱਮ. 451-ਮੁਹੱਲਾ ਕਰਾਰ ਖਾਂ,
ਨੇੜੇ ਚੌਕ ਬੋਹੜਵਾਲਾ, ਜਲੰਧਰ
ਫੋਨ : 0181-2214028 (ਘਰ)

98140 55411 (ਮੋਬਾਈਲ)

ਪੁਸਤਕ ਵਿਕਰੀ ਸਥਾਨ : ਨਵਾਂ ਜ਼ਮਾਨਾ ਬੁੱਕ ਸ਼ਾਪ,
ਨਹਿਰੂ ਗਾਰਡਨ ਰੋਡ, ਜਲੰਧਰ
ਫੋਨ : 0181-2220290, 2230466

ਟਾਈਪ ਸੈਟਿੰਗ : ਮਿਊਜ਼ਿਕ ਟਾਈਮਜ਼ ਕੰਪਿਊਟਰਜ਼
26-ਭੁਪਾਲ ਕੰਪਲੈਕਸ, ਸਹਿਦੇਵ ਮਾਰਕੀਟ,
ਜਲੰਧਰ ਫੋਨ : 0181-4615896

ਛਾਪਕ : ਤਰੁਣ ਆਰਟ ਪ੍ਰੈੱਸ, ਜਲੰਧਰ

ਮੁੱਲ : 75 ਰੁਪਏ (ਸਜਿਲਦ)
40 ਰੁਪਏ (ਪੇਪਰ ਬੈਕ)

# ਬਿਰਖ ਨਿਮੋਲੀਆਂ ਵਾਲਾ

ਕਦਰਦਾਨਾ! ਹਰ ਗ਼ਜ਼ਲ ਮੇਰੀ ਅਮਾਨਤ ਹੈ ਤੇਰੀ,
ਪਰ ਮੈਂ ਬੇਕਦਰਾਂ 'ਚ ਬੈਠਾ ਗਾ ਰਿਹਾਂ.......!

'ਸਿਸਕੀਆਂ' ਹਰਜਿੰਦਰ ਬੱਲ ਦਾ ਸਰਵਪ੍ਰਥਮ ਗ਼ਜ਼ਲੀਆ ਮਜਮੂਆ ਹੈ। ਅੱਧੀ ਸਦੀ ਅਖ਼ਬਾਰ ਨਵੀਸੀ ਦੇ ਲੇਖੇ ਲਾ, ਹੁਣ ਉਹ ਨਜ਼ਮਕਾਰ ਵਜੋਂ ਤੁਹਾਡੇ ਰੂ-ਬ-ਰੂ ਹੋ ਰਿਹਾ ਹੈ। ਚੁਪੀਤਾ ਜਿਹਾ ਰਹਿਣ ਵਾਲਾ ਇਹ ਮਿਊਜ਼ਿਕ ਟਾਈਮਜ਼ ਦਾ ਸੰਪਾਦਕ, ਦਰਅਸਲ ਵਿਚੋਂ ਬੜਾ ਮਿੰਨ੍ਹਾ ਜੇ। ਤਿੰਨ ਦਹਾਕਿਆਂ ਤੋਂ ਗ਼ਜ਼ਲ ਕਹਿੰਦਾ ਰਿਹੈ, ਪਰ ਵਿੱਚੋ-ਵਿੱਚ ਗੁੜ ਭੰਨਦਾ ਰਿਹੈ। ਇੰਜ ਹੀ ਉਸ ਆਪਣੇ ਚੁਪੀਤੇ ਇਸ਼ਕ ਨੂੰ ਜ਼ੁਬਾਨ ਨਹੀਂ ਦਿੱਤੀ। ਪਰ ਨਜ਼ਮਕਾਰੀ ਤੇ ਇਸ਼ਕਕਾਰੀ ਬੁੱਕਲ ਦੀ ਅੱਗ ਹੈ। ਇਸ ਦੇ ਸੇਕ ਨੇ ਕਦੇ ਨਾ ਕਦੇ ਤਾਂ ਭੰਮੱਚਾ ਬਣਨਾ ਹੀ ਹੁੰਦਾ ਹੈ :

ਦਿਲਾ ਕਾਹਦਾ ਗ਼ਿਲਾ, ਜੇ ਤੁਰ ਗਏ ਸੱਜਣ ਦਗ਼ਾ ਕਰਕੇ।
ਇਹੋ ਸੌਗ਼ਾਤ ਮਿਲਦੀ ਹੈ ਮੁਹੱਬਤ 'ਚੋਂ ਵਫ਼ਾ ਕਰਕੇ।

ਹਰਜਿੰਦਰ ਬੱਲ ਨੇ 'ਸਿਸਕੀਆਂ' ਨੂੰ ਮੰਜ਼ਰ-ਏ-ਆਮ 'ਤੇ ਲਿਆਂਦਾ ਹੈ। ਪਰ ਤਿੰਨ ਦਹਾਕੇ ਗ਼ਜ਼ਲ ਦਿਆਂ ਦਰੀਚਿਆਂ-ਕੂਚਿਆਂ ਦੀ ਖ਼ਾਕਸਾਰੀ ਉਪਰੰਤ ਉਸਨੂੰ ਗਿਆਨ ਹੋਇਆ ਕਿ ਰਵਾਇਤ ਨਾਲੋਂ ਅਗਾਂਹ ਜਾ ਕੇ ਗ਼ਜ਼ਲ ਕਹਿਣੀ ਵੀ ਬਣਦੀ ਹੈ। ਸਹਿਸਰਾਂ ਗ਼ਜ਼ਲਾਂ ਦੀ ਸਿਰਜਣਾ ਉਪਰੰਤ ਉਹ ਇਸ ਸਦਾਕਤ ਤੋਂ ਰੂਸ਼ਨਾਸ ਹੋਇਆ ਲੱਗਦਾ ਹੈ ਕਿ ਗ਼ਜ਼ਲ 'ਚ ਸਿਆਸਤ ਦਾ ਰੰਗ ਵੀ ਸਮੋਇਆ ਜਾ ਸਕਦਾ ਹੈ, ਉਹ ਸਿਆਸਤ, ਜਿਸ ਵਿਚੋਂ ਦੀ ਉਸਦਾ ਆਪਣਾ ਗੁਜ਼ਰ ਅਖ਼ਬਾਰ ਨਵੀਸੀ ਕਰਕੇ ਹੋਇਆ ਹੈ। ਸੰਨ ਚੁਰਾਸੀ ਦੀ ਸਿਆਸੀ ਸ਼ਤਰੰਜ ਨੂੰ 'ਬੱਲ' ਆਪਣੀ ਇੱਕ ਗ਼ਜ਼ਲ ਵਿਚ ਇੰਝ ਬੰਨ੍ਹਦਾ ਹੈ :-

ਸਭ ਸਿਤਮ ਭੁਲ ਜਾਣਗੇ ਭਾਵੇਂ ਮਗ਼ਰ ਸੰਭਵ ਨਹੀਂ,
ਕਿ ਚੁਰਾਸੀ ਦੇ ਸਿਤਮ ਵੀ ਭੁੱਲ ਜਾਵਾਂਗੇ ਅਸੀਂ।

ਭੰਗੜੇ, ਗਿੱਧੇ, ਹੁਲਾਰੇ ਪੀਂਘ ਦੇ, ਬੋਹੜਾਂ ਦੀ ਛਾਂ,
ਮੁੜਕੇ ਉਹ ਦਿਨ ਮੋੜ ਕੇ ਕਿੱਥੋਂ ਲਿਆਵਾਂਗੇ ਅਸੀਂ।

ਕਰਫਿਊ ਹੈ ਸ਼ਹਿਰ ਤੇਰੇ, ਬੰਦ ਹੈ ਸਾਡਾ ਨਗਰ,
ਰੱਬ ਹੀ ਜਾਣੇ ਕਿਵੇਂ ਵਾਅਦਾ ਨਿਭਾਵਾਂਗੇ ਅਸੀਂ।

ਗ਼ਜ਼ਲ ਦੀ ਲਤੀਫ ਸਿਨਫ਼ ਨੂੰ, ਉਸਦੇ ਨਖ਼ਰੈਲ ਸੁਭਾਅ ਨੂੰ ਸਿਆਸਤ ਦੀ ਸੜ੍ਹਾਂਦ 'ਚੋਂ ਬਾ-ਹੁਸਨ ਹਾਸਲ ਕਰਨਾ ਦੁਰਗਮ ਕਾਰਜ ਹੈ। ਬੱਲ ਦੇ ਇਹੋ ਜਿਹੇ ਸ਼ਿਅਰ ਰੌਸ਼ਨੀ ਦੇ ਨਿੱਕੇ-ਨਿੱਕੇ ਜਜ਼ੀਰੇ ਹਨ। ਜੁਗਨੂੰਆਂ ਦੇ ਕਬਰਿਸਤਾਨ ਹਨ :

ਮੈਂ ਹੱਕ ਮੰਗਦਾ ਹਾਂ ਪਰ ਉਹ ਇਹ ਆਖਦੇ ਹਨ,
'ਖ਼ਾਮੋਸ਼ ਰਹਿ! ਨਹੀਂ ਤਾਂ ਸੂਲ਼ੀ ਚੜ੍ਹਾ ਦਿਆਂਗੇ।'

ਆਪਣੇ ਹੀ ਦੇਸ ਪਰਦੇਸੀ ਕਹਾਵਾਂਗੇ ਅਸੀਂ।
ਕੀ ਪਤਾ ਸੀ ਹਾਦਸੇ ਇਸ ਕਦਰ ਖਾਵਾਂਗੇ ਅਸੀਂ।

ਜੁਗਨੂੰਆਂ ਦੇ ਕਬਰਿਸਤਾਨ ਅੱਜ ਵੀ ਸਿਆਸਤ ਬਣਾਈ ਜਾ ਰਹੀ ਹੈ। ਪਰ ਇਸ ਜੁਗਨੂੰਆਂ

ਦੇ ਜਜ਼ੀਰੇ 'ਤੇ ਪੁਲ਼ ਪਾ, ਰੌਸ਼ਨੀ ਤੋੜੀਂ ਸਿਰਫ ਬੱਲ ਦੀ ਰੌਸ਼ਨਾਈ ਹੀ ਅੱਪੜਦੀ ਲੱਗਦੀ ਹੈ। ਹੁਸਨ-ਏ-ਗ਼ਜ਼ਲ ਆਪਣੇ ਆਪ ਵਿਚ ਭੀੜ 'ਚ ਇਕੱਲ ਦਾ ਸੰਕਲਪ ਵੀ ਦ੍ਰਿਸ਼ਟੀਗੋਚਰ ਕਰਦਾ ਹੈ। ਸ਼ਿਅਰ ਜੁਦਾਅ ਵੀ ਹੁੰਦੇ ਹਨ ਤੇ ਜੁੜੇ ਹੋਏ ਵੀ। ਇਨ੍ਹਾਂ ਦੇ ਪਿੰਡੇ ਵੱਖਰੇ ਹਨ ਪਰ ਰੂਹ ਦਾ ਰਿਸ਼ਤਾ ਸਾਂਝਾ ਹੈ :

ਸੀ ਠਿੱਲ੍ਹੇ ਤਾਂ ਇਕੱਠੇ ਪਰ ਤੂੰ 'ਕੱਲਾ ਪੁੱਜਿਐਂ ਕੰਢੇ,
ਤੇਰਾ ਅਪਣਾ ਮੁਕੱਦਰ ਸੀ, ਮੇਰਾ ਅਪਣਾ ਮੁਕੱਦਰ ਹੈ।

ਹਰਜਿੰਦਰ ਬੱਲ ਨੇ ਅੱਧੀ ਉਮਰ ਪੱਤਰਕਾਰੀ ਤੇ ਰਿਸਾਲਕਾਰੀ 'ਚ ਸਰਫ਼ ਕਰ ਦਿੱਤੀ ਪਰ ਸਬੂਤੀ ਆਰਜ ਗ਼ਜ਼ਲਕਾਰੀ ਦੇ ਲੇਖੇ ਲਾ ਦਿੱਤੀ ਹੈ। ਬੱਲ ਸ਼ਾਇਦ ਪੰਜਾਬੀ ਦਾ ਇੱਕੋ ਇੱਕ ਅਜਿਹਾ ਅਦੀਬ ਹੈ ਜੋ ਵਾਇਆ ਸ਼ਾਇਰੀ ਸੰਗੀਤ ਦੀ ਦੁਨੀਆ ਵਿਚ ਸਤਿਕਾਰਿਆ, ਸਿੰਞਾਣਿਆ ਤੇ ਸਨਮਾਨਿਆ ਜਾਣ ਲੱਗ ਪਿਆ ਹੈ। ਮਿਊਜ਼ਿਕ ਟਾਈਮਜ਼ ਦੀਆਂ ਸੰਪਾਦਕੀਆਂ ਤੇ ਸੰਗੀਤ ਬਾਰੇ ਲੇਖ ਬੱਲ ਦੇ ਵਿਅਕਤਿਤਵ ਦੇ ਇਕ ਨਿਵੇਕਲੇ ਰੰਗ ਤੋਂ ਪਾਠਕਾਂ ਨੂੰ ਰੂਸ਼ਨਾਸ ਕਰਵਾਉਂਦੇ ਹਨ।

ਮਿਊਜ਼ਿਕ ਟਾਈਮਜ਼ ਦਾ ਸੰਪਾਦਕ ਨਾ ਤੇ ਪੰਜਾਬੀ ਗ਼ਜ਼ਲਕਾਰੀ ਦਾ ਬੋਹੜ ਹੈ, ਨਾ ਸੂਤ ਵਲ੍ਹੇਟਣ ਵਾਲਾ ਪਿੱਪਲ। ਉਹ ਕੌੜੀ ਨਿੰਮ ਦੀਆਂ ਮਿੱਠੀਆਂ ਨਿਮੋਲੀਆਂ ਵਾਲਾ ਸ਼ਾਇਰ ਹੈ। ਕੌੜਾ ਪਰ ਕਾਰਗਰ, ਸਿਹਤਬਖ਼ਸ਼ ਗ਼ਜ਼ਲ ਕਰਤਾ। ਸੁੱਚੇ, ਸੁਥਰੇ, ਸਿਹਤਮੰਦ ਸਾਹਿਤ ਦੀ ਸਿਰਜਣਾ ਕਰਨ ਵਾਲਾ ਬਾਵਾ ਬਲਵੰਤ ਜਿਹਾ ਕਲਮਕਾਰ :

ਐਸੇ ਬੱਦਲ ਯਾਰ ਕਦੇ ਨਾ ਵਰਸਣਗੇ।
ਜਿਹੜੇ ਹਰਦਮ ਗੜ-ਗੜ, ਗੜ-ਗੜ ਗੱਜਣਗੇ।

ਕੱਖਾਂ ਦੀ ਕੁੱਲੀ 'ਚੋਂ ਝੱਖੜ ਉੱਠਣਗੇ।
ਮਹਿਲ ਮੁਨਾਰੇ ਧੜ-ਧੜ, ਧੜ-ਧੜ ਡਿੱਗਣਗੇ।

'ਸਿਸਕੀਆਂ' ਵਿਚ ਦਰਜ ਸ਼ਿਅਰ ਅਜੇਹੇ ਸ਼ਾਹਪਾਰੇ ਹਨ, ਜਿਨ੍ਹਾਂ ਦਾ ਗ੍ਰਾਫ ਵੇਦਨ ਦੇ ਰੁਦਨ ਨਾਲ ਰਿਦਮ ਨੂੰ ਰਲਾਅ ਸਾਕਾਰ ਹੁੰਦਾ ਹੈ। ਜਿਸ ਤਰ੍ਹਾਂ ਕੌਰਡਿਆਲੌਜੀ ਦਾ ਮੌਨੀਟਰ ਦਿਲ ਦੇ ਚੜ੍ਹਦੇ-ਲੱਥਦੇ ਪਾਰੇ ਦੀ ਪੈਮਾਇਸ਼ ਕਰਦਾ ਹੈ, ਉਵੇਂ ਹੀ ਬੱਲ ਦੇ ਸ਼ਿਅਰ ਉਸਦੇ ਜਿਗਰ 'ਤੇ ਝੁੱਲੇ ਝੱਖੜਾਂ, ਝੇੜਿਆਂ ਝਾਂਜਿਆਂ ਦੀ ਨਿਸ਼ਾਨਦੇਹੀ ਕਰਦੇ ਹਨ :

ਕਿਹੀ ਆਜ਼ਾਦੀ ਹੈ ਦੱਸੋ ? ਹੈ ਕੇਹਾ ਲੋਕਤੰਤਰ ਇਹ?
ਜੇ ਅਪਣਾ ਹੱਕ ਵੀ ਮੰਗੋ ਤਾਂ ਇਹ ਸੂਲ਼ੀ ਚੜ੍ਹਾ ਦਿੰਦੈ।

ਪੰਜਾਬੀ ਗ਼ਜ਼ਲ ਪ੍ਰਿੰਸੀਪਲ ਤਖ਼ਤ ਸਿੰਘ ਤੋਂ ਹੁੰਦੀ ਪ੍ਰੋ. ਮੋਹਣ ਸਿੰਘ ਦੀ ਹਮਸਫ਼ਰ ਬਣਦੀ, ਦੀਪਕ ਜੈਤੋਈ ਦੀ ਉਸਤਾਦੀ ਕਬੂਲ ਕਰਦੀ ਹਰਜਿੰਦਰ ਬੱਲ ਜਿਹੇ ਗ਼ਜ਼ਲਗੋਆਂ ਦੀ ਹੁਣ ਤੱਕ ਦੀ ਪੀੜ੍ਹੀ ਤੋੜੀਂ ਆਣ ਪਹੁੰਚੀ ਹੈ। ਗ਼ਜ਼ਲ ਕਹਿਣਾ ਤਿੱਖੀ ਧਾਰ 'ਤੇ ਟੁਰਨਾ ਹੈ। ਖੁੱਲ੍ਹੀ ਕਵਿਤਾ ਵਾਲਿਆਂ ਦਾ ਤੇ ਇਹ ਉਂਜ ਹੀ ਕਾਫੀਆ ਤੰਗ ਕਰ ਦਿੰਦੀ ਹੈ। ਇਹ ਕਲਾਸਕੀ ਸਿਨਫ ਰਿਆਜ਼ ਮੰਗਦੀ ਹੈ। ਹਾਰੀ-ਸਾਰੀ ਦੇ ਵੱਸ ਦੀ ਨਹੀਂ ਇਹ ਵਿਧਾ। ਇਹੋ ਗ਼ਿਲਾ ਹੈ ਬੱਲ ਨੂੰ :

ਰੁੱਤ ਬਹਾਰਾਂ ਦੀ ਗੁਲਸ਼ਨ ਮੁਰਝਾਇਆ ਹੈ।
ਯਾਰੋ! ਇਹ ਕਿੱਦਾਂ ਦਾ ਮੌਸਮ ਆਇਆ ਹੈ।

ਮਿਊਜ਼ਿਕ ਟਾਈਮਜ਼ ਦੀ ਸੰਪਾਦਕੀ ਕਰਦਿਆਂ ਵੀ ਹਰਜਿੰਦਰ ਬੱਲ ਨੇ ਸਤਿ ਅਤੇ ਸਦਾਕਤ ਦੇ ਕਣ ਨੂੰ ਉਸ ਦੀ ਆਖ਼ਰੀ ਇਕਾਈ ਤੋੜੀਂ ਖੰਡਿਤ ਕਰਦਿਆਂ ਗ਼ਜ਼ਲ ਦਾ ਐਟਮ ਰੂਪ ਦੇ ਦਿੱਤਾ ਹੈ। ਇਸੇ ਕਰਕੇ ਉਸਦੇ ਸ਼ਿਅਰ ਸਰਮਦੀ ਸਾਫ਼ਗੋਈ ਵਾਲੇ ਵੀ ਹਨ :

ਸੁੱਕੀ ਰੋਟੀ ਖਾ ਕੇ ਸਬਰ ਦੇ ਘੁੱਟ ਪੀ ਕੇ,
ਅਪਣਾ ਭੁੱਖਾ ਪੇਟ ਅਸਾਂ ਵਰਚਾਇਆ ਹੈ।

ਬੱਲ ਨੇ ਆਪਣੇ ਬਲ ਨਾਲ ਰੋਜ਼ੀ-ਰੋਟੀ ਦਾ ਜਿਹਾਦ ਕੀਤਾ ਹੈ। ਨਾ ਉਹ ਰਿਆਸਤੀ ਸ਼ਾਇਰ ਹੈ, ਨਾ ਸਿਆਸਤੀ। ਇਨਾਮਾਂ ਇਕਰਾਮਾਂ ਦੀ ਸੜਕ 'ਤੇ ਉਹ ਟੁਰ ਹੀ ਨਹੀਂ ਸਕਦਾ, ਕਿਉਂ ਜੋ 'ਰਾਗ ਦਰਬਾਰੀ' ਉਸਨੂੰ ਗੌਣਾ ਆਉਂਦਾ ਹੀ ਨਹੀਂ। ਲੱਖ ਮਿਊਜ਼ਿਕ ਟਾਈਮਜ਼ ਕੱਢਦਾ ਫਿਰੇ, ਇਸ ਦਰਬਾਰੀ ਮਿਊਜ਼ਿਕ ਤੋਂ ਉਹ ਨਾ-ਵਾਕਫ ਰਿਹਾ ਹੈ ਅਤੇ ਰਹੇਗਾ। ਇਸੇ ਕਰਕੇ ਤੇ ਕਿਤੇ-ਕਿਤੇ ਮਨਸੂਰ ਅਤੇ ਬੁੱਲੇ ਦੇ 'ਅੱਲਫ' ਵਾਲੀ ਅੱਗ ਹੈ ਉਸਦੇ ਸ਼ਿਅਰਾਂ ਵਿਚ। ਨੰਗਾ ਸੱਚ। ਇਕੋ ਹਰਫ 'ਅਨਹਲ ਹੱਕ' ਅੰਜੀਲ ਹੋ ਜਾਂਦਾ ਹੈ, ਜ਼ਮਾਨਿਆਂ ਦੀ ਬੇਪੜਦ ਸੱਚਾਈ ਤੁਹਾਡੇ ਸਨਮੁਖ ਕਰਦਾ ਹੈ :

ਮੈਨੂੰ ਉਸ ਕਮਰੇ ਵਿਚ ਨੀਂਦਰ ਆਉਂਦੀ ਨਈ੍ਹੀਂ,
ਜੋ ਕਮਰਾ ਮੈਂ ਕਰਜ਼ਾ ਲੈ ਕੇ ਪਾਇਆ ਹੈ।

ਮੈਂ ਘਰ ਨੂੰ ਘਰ ਕਹਾਂ ਕਿੱਦਾਂ, ਇਦ੍ਹੇ ਤੋਂ ਖ਼ੌਫ ਆਉਂਦੈ ਹੁਣ!
ਸੀ ਤੇਰੇ ਨਾਲ ਘਰ ਮੰਦਿਰ, ਤੇਰੇ ਬਾਝੋਂ ਇਹ ਖੰਡਰ ਹੈ।

ਸਮੱਸਤ ਜ਼ਲੀਲ ਸਿਆਸਤ ਨੂੰ ਇੱਕੋ ਸ਼ਿਅਰ 'ਚ ਕਿਤਨੇ 'ਅੱਲਫ' ਅੰਦਾਜ਼ 'ਚ ਬਿਆਨ ਕਰ ਤਕਾਇਆ ਹੈ ਬਲ ਵਾਲੇ ਬੱਲ ਨੇ। ਸ਼ੇਅਰਗੋ ਸਿਆਸਤ ਦੀ ਦਰਪਰਦਾ ਹਕੀਕਤ ਤੋਂ ਅਣਜਾਣ ਨਹੀਂ। ਆਖ਼ਰ ਅਖ਼ਬਾਰੀ ਸੜ੍ਹਾਂਦ ਵਿਚ ਦੀ ਗੁਜ਼ਰ ਹੋਇਆ ਹੈ ਉਸਦਾ। ਗ਼ਜ਼ਲ ਦੀ ਵਿਧਾ ਵਿਚ ਬਹੁਤ ਵੱਡੀ ਗੱਲ ਹਮੇਸ਼ਾ ਬਹੁਤ ਥੋੜ੍ਹੇ ਹਰਫਾਂ ਵਿਚ ਆਖੀ ਜਾਂਦੀ ਹੈ। ਇਕ ਲਫਜ਼, ਇਕ ਹਰਫ, ਇਕ ਸਤਰ ਤੇ ਬੱਸ :

ਅਸਾਡੇ ਇਸ਼ਕ ਦਾ ਬੂਟਾ ਜਦੋਂ ਵੀ ਆ ਗਿਆ ਫਲ 'ਤੇ,
ਪਤਾ ਸੀ ਕਿ ਉਦੋਂ ਹੀ ਤੂੰ ਵਰਾਉਣੇ ਨੇ ਗੜੇ ਰੱਬਾ!

ਅਖ਼ਬਾਰਨਵੀਸਾਂ, ਪੱਤਰਕਾਰਾਂ, ਸੰਪਾਦਕਾਂ ਵਾਲਾ ਕੋਈ ਵੈਲ ਨਹੀਂ ਨੇੜੇ ਆਣ ਦਿੱਤਾ ਇਸ ਨਜ਼ਮਕਰਤਾ ਨੇ। ਪ੍ਰਦਰਸ਼ਨੀ, ਪ੍ਰਾਪੇਗੰਡੇ ਤੋਂ ਪ੍ਰਹੇਜ਼ਗਾਰ ਹੋ ਵਿਚਰਦਾ ਹੈ। ਨੁਮਾਇਸ਼ ਮਨਫੀ ਹੈ ਇਸ ਕੌੜੇ ਤੁੰਮੇ ਦੀ ਜ਼ਿੰਦਗੀ ਵਿਚੋਂ। ਕੌੜਾ ਵੀ ਬੋਲਦੈ ਪਰ ਮਿੱਠੀ ਸਦਾਕਤ ਦੀ ਖ਼ਾਤਰ। ਨਿੰਮ ਦਾ ਦਰਖ਼ਤ ਹੈ ਨਾ...!

'ਸਿਸਕੀਆਂ' ਦੇ ਕੁਝ ਸ਼ਿਅਰ ਏਨੇ ਗਹਿਰ ਗੰਭੀਰ ਹਨ ਕਿ ਮਾਅਰਫਤੀ ਭੁਲੇਖਾ ਪੈਣ ਲੱਗ ਪੈਂਦਾ ਹੈ। ਦਾਰਸ਼ਨਿਕਤਾ ਦੇ ਜ਼ੀਨੇ, ਜ਼ਾਵੀਏ ਦਰਿਆਫ਼ਤ ਹੋਣ ਲੱਗ ਪੈਂਦੇ ਹਨ :

ਲੋਕਾਂ ਨੇ ਜਦ, ਮਾਰੇ ਪੱਥਰ।
ਹੱਸ ਕੇ ਅਸੀਂ ਸਹਾਰੇ ਪੱਥਰ।

ਸ਼ਿਬਲੀ ਜਿਹੇ ਫਕੀਰ ਨੂੰ ਪੱਥਰ ਮਾਰੇ ਗਏ। ਉਸਨੂੰ ਪੱਥਰ ਵੀ ਫੁੱਲ ਲੱਗੇ ਪਰ ਜਦੋਂ ਦੋਸਤ ਨੇ ਸ਼ਹਿਨਸ਼ਾਹੀ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ, ਫੁੱਲ ਮਾਰਿਆ - ਬਸ ਉਹਾ ਪੱਥਰ ਲੱਗਿਆ ਓਸਨੂੰ :

ਜੋ ਦਿੱਸੇ ਫੁੱਲਾਂ ਤੋਂ ਕੋਮਲ,
ਉਹ ਵੀ ਨਿਕਲੇ ਭਾਰੇ ਪੱਥਰ।

ਇਸ ਗ਼ਜ਼ਲ ਵਿਚ ਸ਼ਿਬਲੀ-ਮਿੱਥ ਨੂੰ ਇਕ ਐਕਸਟੈਂਡਿਡ ਮੈਟਾਫਰ ਬਣਾ ਕੇ ਹਰਜਿੰਦਰ ਬੱਲ

ਨੇ ਆਪਣੀ ਕਥਨਾਵਲੀ ਅਗਾਂਹਾਂ ਇੰਞ ਤੋਰੀ ਹੈ :

ਢਿੱਡੋਂ ਭੁੱਖੇ, ਤਨ ਤੋਂ ਨੰਗੇ,
ਕਿੱਧਰ ਜਾਣ ਵਿਚਾਰੇ ਪੱਥਰ।

ਗ਼ਜ਼ਲ ਦਾ ਆਖ਼ਰੀ ਸ਼ਿਅਰ ਸ਼ਿਬਲੀ ਦੀ ਦਾਸਤਾਨ ਸਾਡੇ ਸਨਮੁਖ ਲੈ ਆਂਦਾ ਹੈ :

ਗ਼ੈਰਾਂ ਨੂੰ ਮੈਂ ਕੀ ਆਖਾਂ ਜਦ
ਆਪਣਿਆਂ ਵੀ ਮਾਰੇ ਪੱਥਰ।

ਇਕ ਸੰਭਾਵਨਾ ਬਣ ਉਜਾਗਰ ਹੋਣ ਲੱਗਾ ਹੈ ਹਰਜਿੰਦਰ ਬੱਲ 'ਸਿਸਕੀਆਂ' ਵਿਚ। ਉਮੀਦ ਬਣਦੀ ਹੈ ਸ਼ਿਅਰੀ ਜਮਾਲ ਵਿਚ ਉਹ ਸਿਹਤਮੰਤ ਇਜ਼ਾਫਾ ਕਰੇਗਾ। ਤਜਰਬਿਆਂ ਦੀਆਂ ਤੈਹਾਂ ਵਿਚ ਲੱਥੇਗਾ। ਅੱਜ ਦੇ ਬਹੁਤਿਆਂ ਗ਼ਜ਼ਲਗੋਆਂ ਆਪਣੇ ਹੀ ਕਾਫੀਆਂ ਨਾਲ ਗ਼ਜ਼ਲ ਦੇ ਹੁਸਨੋ-ਜਮਾਲ ਦਾ ਕਾਫੀਆ ਤੰਗ ਕੀਤਾ ਹੋਇਆ ਹੈ। ਸ਼ਿਅਰੀ ਕਾਫੀਏ ਦੀ ਤੰਗ ਦਾਮਨੀ ਅਕਸਰ ਹੁਸਨ-ਏ-ਫਿਕਰ ਮਜਰੂਹ ਕਰ ਦਿੰਦੀ ਹੈ। ਦਾਰਸ਼ਨਿਕਤਾ ਦਮ ਤੋੜ ਦਿੰਦੀ ਹੈ ਬਦਤਮੀਜ਼ ਕਾਫੀਆਬੰਦੀ ਦੀ ਦਹਿਲੀਜ਼ 'ਤੇ। ਮਤਲੇ ਦੇ ਤਲੂਅ ਨਾਲ ਤੇ ਗ਼ਜ਼ਲ ਭਖਣੀ ਬਣਦੀ ਹੈ ਪਰ ਅੱਜ ਬਹੁਤਿਆਂ ਦੀ ਗ਼ਜ਼ਲ ਮਕਤੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਸੱਖ਼ ਹੋ ਜਾਂਦੀ ਹੈ। ਅੱਜ ਦੀ ਬਹੁਤੀ ਗ਼ਜ਼ਲ ਠੰਡੇ ਇਸ਼ਕ ਦੀ ਬਾਤ ਪਾਂਦੀ ਠੰਡੀ ਠਾਰ ਹੋਣ ਦਾ ਅਹਿਸਾਸ ਕਰਵਾਂਦੀ ਹੈ।

ਬੱਲ ਦੀ ਗ਼ਜ਼ਲ ਕਿਧਰੇ ਕਿਧਰੇ ਇਕ ਫ਼ਿਤਨਾ ਬਣ ਜਾਂਦੀ ਹੈ, ਇਕ ਸ਼ਰਾਰਾ। ਕਸ਼ੀਦਸ਼ੁਦਾ ਆਤਿਸ਼, ਕੋਈ ਬਰਕੀ ਕੌਂਦ :-

ਕੀ ਕਹਿੰਦੀ ਸੀ ਕੱਲ੍ਹ ਸੁਰਖੀ ਅਖ਼ਬਾਰਾਂ ਦੀ।
ਸੰਪਾਦਕ ਹਨ ਕਠਪੁਤਲੀ ਸਰਕਾਰਾਂ ਦੀ।

ਸੁਣਿਐਂ ਕੱਲ੍ਹ ਠਾਣੇ ਵਿਚ ਚਰਚਾ ਹੁੰਦੀ ਸੀ,
ਮੇਰੀ ਕਵਿਤਾ ਵਾਹਵਾ ਰੰਗ ਜਮਾਇਆ ਹੈ।

'ਸਿਸਕੀਆਂ' ਦੀਆਂ ਕੁਝ ਗ਼ਜ਼ਲਾਂ ਵਿਚ ਸ਼ਗੁਫ਼ਤਗੀ ਹੈ, ਤਾਜ਼ਗੀ ਹੈ। ਵਿਚਕਾਰ ਵਿਚਕਾਰ ਰਵਾਇਤੀ ਸ਼ਿਅਰ ਵੀ ਹਨ। ਉਂਜ ਵੀ ਹਾਸਲੇ-ਗ਼ਜ਼ਲ ਸ਼ਿਅਰ ਤੇ ਸਾਰੀ ਗ਼ਜ਼ਲ ਵਿਚੋਂ ਕੋਈ ਇਕ ਅੱਧ ਹੀ ਹਾਸਲ ਹੁੰਦਾ ਹੈ। ਗਾਲਿਬ ਨੇ ਨਹੀਂ ਕਿਹਾ ਸੀ ਮੋਮਨ ਨੂੰ-ਆਪਣਾ ਇਕ ਸ਼ਿਅਰ ਦੇ ਦੇਹ, ਤੇ ਮੇਰਾ ਸਾਰਾ ਦੀਵਾਨ ਲੈ ਲੈ। ਉਸ 'ਗੋਇਆ' ਵਾਲੇ ਸ਼ਿਅਰ ਕਰਕੇ ਹੀ ਮੋਮਨ ਜ਼ਿੰਦਾ ਜਾਵੇਦ ਹੋ ਗਿਆ। ਸਮੁੱਚੀ ਗ਼ਜ਼ਲ ਵਿਚ ਉਂਜ ਵੀ ਇਕ ਦੋ ਸ਼ਿਅਰ ਹੀ ਚਿਣਗ ਵਾਂਗ ਮੱਚ ਮਿਲਦੇ ਹਨ ਤੁਹਾਨੂੰ। ਬਾਕੀ ਦੀ ਗ਼ਜ਼ਲ ਤੇ ਭੰਮੱਚਾ ਬਣ ਕੇ ਬਲਦੀ ਹੈ ਤੇ ਮਿੰਟ ਦੀ ਮਿੰਟ 'ਚ ਸੁਆਹ ਵਾਂਗ ਬੁਝੀ-ਬੁਝੀ ਹੋ ਜਾਂਦੀ ਹੈ। ਸਿਰਫ ਇਕ ਦੋ ਸ਼ਿਅਰ ਹੀ 'ਮੁਕੱਰਰ' ਦਾ ਸਿੱਕਾ ਰਾਇਜ਼ ਕਰਨ ਦੇ ਸਮਰੱਥ ਬਚ ਰਹਿੰਦੇ ਹਨ।

ਹਰਜਿੰਦਰ ਬੱਲ ਦੇ ਇਸ ਸੰਗ੍ਰਹਿ ਵਿਚਲੇ 'ਮੁਕੱਰਰ' ਵਾਲੇ ਸ਼ਿਅਰਾਂ ਦੀ ਭਰਵੀਂ ਦਾਦ ਦੇ ਛੱਡਣਾ। ਬੱਸ, ਇਹੋ ਉਸ ਦੀ ਘਾਲ-ਕਮਾਈ ਹੋਵੇਗੀ, ਜਿਹੜੀ ਥਾਏਂ ਪੈ ਜਾਏਗੀ।

**ਪ੍ਰੋ. ਸ. ਸੋਜ਼**
ਰਾਘੋਮਾਜਰਾ, ਪਟਿਆਲਾ

# *ਸੰਘਰਸ਼ ਦੀ ਸੂਲੀ ਟੰਗਿਆ ਬੱਲ*

ਉਂਜ ਤਾਂ ਜ਼ਿੰਦਗੀ ਨਾਮ ਹੀ ਸੰਘਰਸ਼ ਦਾ ਹੈ ਪਰ ਵਿਧ-ਮਾਤਾ ਨੇ ਜਿਹੋ ਜਿਹੇ ਸੰਘਰਸ਼ ਵਿਚ ਹਰਜਿੰਦਰ ਬੱਲ ਨੂੰ ਸਾਰੀ ਜ਼ਿੰਦਗੀ ਪਾ ਛੱਡਿਆ ਹੈ, ਇਸ ਦੀ ਮਿਸਾਲ ਆਮ ਲੋਕਾਂ ਦੇ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਉਹ ਕਿਤੇ ਵੀ ਬਹਿ ਕੇ ਰੋਟੀ-ਰੋਜ਼ੀ ਦਾ ਪ੍ਰਬੰਧ ਕਰ ਸਕਦਾ ਸੀ ਪਰ ਉਸਨੂੰ ਪਰਮਾਤਮਾ ਨੇ ਸਿਰਫ ਖਾਣ, ਪਹਿਨਣ ਅਤੇ ਖ਼ਤਮ ਹੋ ਜਾਣ ਵਾਸਤੇ ਹੀ ਪੈਦਾ ਨਹੀਂ ਕੀਤਾ। ਬਾਬੇ ਨਾਨਕ ਵਾਲਾ 'ਉੱਜੜ ਜਾਓ' ਵਾਲਾ ਵਰ ਕਿ ਸਰਾਪ ਸਾਰੀ ਉਮਰ ਉਸਦੇ ਅੰਗ-ਸੰਗ ਰਿਹਾ ਅਤੇ ਅਜੇ ਵੀ ਹੈ। ਕੁਦਰਤ ਨੇ ਉਸਨੂੰ ਕੋਹਲੂ ਦਾ ਬਲਦ ਬਣਾ ਕੇ ਸਿਰਫ਼ ਤੇਲ ਹੀ ਨਹੀਂ ਸੀ ਕਢਾਉਣਾ ਸਗੋਂ ਉਸ ਨੇ ਤਾਂ ਪਤਾ ਨਹੀਂ ਕੀ-ਕੀ ਕਾਰਜ ਉਸ ਦੇ ਜ਼ਿੰਮੇ ਲਾ ਛੱਡੇ ਹਨ, ਜਿਨ੍ਹਾਂ ਦੀ ਪੂਰਤੀ ਸਦਕਾ ਉਹ ਕਦੇ ਅਤੇ ਕਿਤੇ ਵੀ ਆਪਣੇ ਚੌਂਕੇ ਵਿਚ ਪੱਕਾ ਚੁੱਲ੍ਹਾ ਨਾ ਬਣਾ ਸਕਿਆ।

ਜਦੋਂ ਅੱਲ੍ਹੜ ਉਮਰੇ ਜਜ਼ਬਿਆਂ ਦੇ ਜ਼ੋਰ ਨਾਲ ਦਿਲ 'ਪਾਟਣ ਪਾਟਣ' ਕਰਨ ਲੱਗਿਆ ਤਾਂ ਜਿਵੇਂ ਰਾਂਝਾ ਬਾਲ ਨਾਥ ਜੋਗੀ ਦੇ ਪੈਰੀਂ ਜਾ ਪਿਆ ਸੀ, ਉਸੇ ਤਰ੍ਹਾਂ ਬੱਲ ਨੇ ਗ਼ਜ਼ਲ-ਉਸਤਾਦ ਜਨਾਬ ਦੀਪਕ ਜੈਤੋਈ ਹੋਰਾਂ ਦੇ ਚਰਨ ਜਾ ਫੜੇ। ਦੀਪਕ ਸਾਹਿਬ ਦੇ ਦਿੱਤੇ ਸਬਕਾਂ ਦੀ ਉਸ ਨੇ ਸ਼ਾਇਰੀ ਵਿੱਚ ਵਰਤੋਂ ਕਰਨ ਦੇ ਨਾਲ-ਨਾਲ ਉਨ੍ਹਾ ਸਬਕਾਂ ਨੂੰ ਇਉਂ ਜ਼ੁਬਾਨੀਂ ਯਾਦ ਕਰਨਾ ਸ਼ੁਰੂ ਕਰ ਦਿੱਤਾ ਜਿਵੇਂ ਉਸਦਾ ਮਨੋਰਥ ਕੇਵਲ ਗ਼ਜ਼ਲ ਕਹਿਣਾ ਨਾ ਹੋਵੇ, ਸਗੋਂ ਅਰੂਜ਼ ਦਾ ਜ਼ੁਬਾਨੀ ਪਾਠ ਕਰਨਾ ਵੀ ਹੋਵੇ। ਇਕ ਹੱਥ ਹਲ਼ ਦਾ ਮੁੰਨਾ ਤੇ ਦੂਜੇ ਹਥਲੀ ਪ੍ਰੈਣੀ ਕੱਛੇ ਮਾਰ ਕੇ ਉਹ ਦੀਪਕ ਸਾਹਿਬ ਦੀ ਚਿੱਠੀ ਜੇਬ ਵਿਚੋਂ ਕੱਢਦਾ ਤੇ ਉਸ ਵਿੱਚ ਲਿਖੇ ਅਰਕਾਨ ਅਤੇ ਜ਼ਿਹਾਫਾਂ ਦਾ ਘੋਟਾ ਲਾਉਣ ਲੱਗ ਜਾਂਦਾ। ਸਾਰੀ-ਸਾਰੀ ਰਾਤ ਦੀਵੇ ਦੀ ਲੋਅ ਵਿਚ ਘਰਦਿਆਂ ਤੋਂ ਚੋਰੀ ਅਰੂਜ਼ ਦੀਆਂ ਜ਼ਰਬਾਂ-ਤਕਸੀਮਾਂ ਕਰਦਾ ਰਹਿੰਦਾ।

ਬੱਲ ਨੇ ਜਿਵੇਂ ਸਾਰਾ ਅਰੂਜ਼ ਜ਼ੁਬਾਨੀ ਯਾਦ ਕਰ ਲਿਆ ਹੋਵੇ ਜਿਸ ਦੀ ਇਸ ਦੀ ਐਨੀ ਲੋੜ ਵੀ ਨਹੀਂ ਸੀ। ਬਸ ਆਪਣੇ ਅਭਿਆਸ ਨੂੰ ਅਰੂਜ਼ ਦੇ ਅਸੂਲਾਂ ਵਿੱਚ ਦੀ ਲੰਘਾ ਲਿਆ ਜਾਵੇ ਤਾਂ ਫਿਰ ਅਭਿਆਸ ਹੀ ਗੱਡੀ ਨੂੰ ਲੀਹੋਂ ਨਹੀਂ ਲਹਿਣ ਦਿੰਦਾ। ਪਰ ਉਸਦੀ ਮਿਹਨਤ ਦਾ ਫ਼ਾਇਦਾ ਮੈਨੂੰ ਜ਼ਰੂਰ ਹੋ ਗਿਆ। ਜਦ ਵੀ ਕੋਈ ਨੁਕਤਾ ਮੈਨੂੰ ਯਾਦ ਨਾ ਆ ਰਿਹਾ ਹੋਵੇ ਤਾਂ ਮੈਂ ਉਸ ਤੋਂ ਭਾਵੇਂ ਟੈਲੀਫੋਨ 'ਤੇ ਹੀ ਪੁੱਛ ਲਵਾਂ, ਉਹ ਸਫ਼ਿਆਂ ਦੇ ਸਫ਼ੇ, ਪਹਿਰੇ ਅਤੇ ਲਾਈਨਵਾਰ ਹਰਫ਼-ਹਰਫ਼ ਜ਼ੁਬਾਨੀ ਸੁਣਾ ਧਰਦਾ ਹੈ।

ਗੱਲ ਸ਼ਾਇਦ 1976 ਦੀ ਹੈ। ਉਨ੍ਹਾਂ ਦਿਨਾਂ ਵਿਚ ਮੈਂ ਲੋਕ ਲਿਖਾਰੀ ਸਭਾ ਜਲੰਧਰ ਦਾ ਜਨਰਲ ਸਕੱਤਰ ਹੁੰਦਾ ਸੀ। ਇਸ ਸਭਾ ਵਲੋਂ ਪ੍ਰਕਾਸ਼ਿਤ ਇਕ ਕਾਵਿ ਸੰਗ੍ਰਹਿ 'ਮਹਿਕਾਂ' ਦੇ ਰਿਲੀਜ਼ ਸਮਾਰੋਹ ਵਿਚ ਹਰਜਿੰਦਰ ਬੱਲ ਵੀ ਹਾਜ਼ਰ ਹੋਇਆ। ਇਹ ਸਾਡੀ ਪਹਿਲੀ ਮੁਲਾਕਾਤ ਸੀ ਜਿਸ ਪਿੱਛੋਂ ਬੱਲ ਮੇਰੇ ਕੋਲ ਹੀ ਰਹਿ ਗਿਆ। ਸਕੇ ਭਰਾਵਾਂ ਵਾਂਗ ਮੇਰਾ ਘਰ ਸਾਡਾ ਦੋਹਾਂ ਦਾ ਸਾਂਝਾ ਘਰ ਹੋ ਗਿਆ। ਹਾਲਾਤ ਨੇ ਪਲਟਾ ਖਾਧਾ ਤੇ ਉਸਨੂੰ ਜਲੰਧਰ ਛੱਡਣਾ ਪੈ ਗਿਆ। ਕੁਝ ਦੇਰ ਮਗਰੋਂ ਹਾਲਾਤ ਦੀ ਕਰੂਰਤਾ ਨਾਲ ਲੜਦਾ ਲੜਦਾ ਉਹ ਫਿਰ ਜਲੰਧਰ ਆ ਗਿਆ ਪਰ ਤਕਦੀਰ ਨੇ ਫਿਰ ਉਸਨੂੰ ਏਥੋਂ ਮੁੜ ਉਜਾੜ ਸੁੱਟਿਆ। ਕਿਸੇ ਦੀ ਵੀ ਨਾਰਾਜ਼ਗੀ ਨਾ ਸਹਾਰ ਸਕਣ ਵਾਲੇ ਕੋਮਲ ਭਾਵੀ ਸ਼ਾਇਰ ਦੇ ਸਿਰ ਐਸੇ-ਐਸੇ ਸੰਗੀਨ ਤੇ ਜ਼ਾਲਿਮਾਨਾ ਇਲਜ਼ਾਮ ਮੜ੍ਹ ਦਿੱਤੇ ਗਏ, ਜਿਨ੍ਹਾਂ ਨੇ ਉਸਨੂੰ ਸਰੀਰਕ ਤੌਰ 'ਤੇ ਪੀਹ ਕੇ ਰੱਖ ਦਿੱਤਾ ਅਤੇ ਉਸਨੂੰ ਇਕ ਵਾਰ ਫਿਰ ਜਲੰਧਰ ਛੱਡਣਾ ਪਿਆ। ਪਰ ਉਹ ਜਲੰਧਰ ਨੂੰ ਕਦੇ ਵੀ ਨਾ ਭੁੱਲ ਸਕਿਆ। ਉਹ ਕਹਿੰਦਾ ਹੈ-

ਯਾਰ ਜਲੰਧਰ ਸ਼ਹਿਰ ਦੇ, ਕਰਨ ਅਜੇ ਤੱਕ ਯਾਦ,
ਹੁੰਦਾ ਸੀ ਏਥੇ ਕਦੇ, ਇਕ ਯਾਰਾਂ ਦਾ ਯਾਰ।

ਆਖ਼ਿਰ ਉਸਦੀ ਨਿਰਦੋਸ਼ਤਾ ਰੰਗ ਲਿਆਈ ਤੇ ਉਸਨੇ 1990 ਵਿਚ ਰੋਜ਼ਾਨਾ 'ਚੜ੍ਹਦੀ ਕਲਾ'

ਪਟਿਆਲਾ ਤੋਂ ਫਿਰ ਆਪਣਾ ਪੱਤਰਕਾਰੀ ਜੀਵਨ ਸ਼ੁਰੂ ਕੀਤਾ। ਇਸੇ ਦੌਰਾਨ ਉਸਦਾ ਮੇਲ ਸੰਗੀਤਕਾਰ ਚਰਨਜੀਤ ਆਹੂਜਾ ਨਾਲ ਹੋ ਗਿਆ ਅਤੇ ਉਹ ਕੈਸੇਟ-ਕਲਚਰ ਨਾਲ ਜੁੜ ਗਿਆ। ਪਰ ਕੈਸੇਟ ਕਲਚਰ ਦੀ ਅੰਦਰਲੀ ਹਾਲਤ ਵੇਖ ਕੇ ਉਸਦਾ ਸ਼ਾਇਰ ਦਿਲ ਦੁਖੀ ਹੋ ਗਿਆ ਅਤੇ ਉਸਨੇ ਇਸ ਦੇ ਖਿਲਾਫ਼ ਜੂਝਣ ਦਾ ਫ਼ੈਸਲਾ ਕਰ ਲਿਆ। ਪਟਿਆਲੇ ਤੋਂ ਨੌਕਰੀ ਛੱਡ ਕੇ ਉਹ ਫਿਰ ਜਲੰਧਰ ਆ ਗਿਆ ਅਤੇ ਮਾਸਿਕ ਪਰਚੇ 'ਮਿਊਜ਼ਿਕ ਟਾਈਮਜ਼' ਦੀ ਸ਼ੁਰੂਆਤ ਕੀਤੀ। ਇਸ ਰਾਹੀਂ ਉਸਨੇ ਕੈਸੇਟਾਂ ਰਾਹੀਂ ਫੈਲਾਈ ਜਾ ਰਹੀ ਅਸ਼ਲੀਲਤਾ ਦੇ ਖ਼ਿਲਾਫ਼ ਡਟ ਕੇ ਲਿਖਿਆ। ਉਸ ਦੇ ਬਾ-ਦਲੀਲ ਅਤੇ ਧੜੱਲੇਦਾਰ ਲੇਖਾਂ ਨੇ ਅਸ਼ਲੀਲ ਗਾਉਣ ਤੇ ਲਿਖਣ ਵਾਲਿਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ। ਉਨ੍ਹਾਂ ਨੇ ਮੁਆਫ਼ੀਆਂ ਮੰਗੀਆਂ ਅਤੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਪ੍ਰਣ ਕੀਤਾ। ਜਿਸਦੇ ਸਬੂਤ ਵਜੋਂ ਅਜਿਹੇ ਕਲਾਕਾਰਾਂ ਦੇ ਅਨੇਕਾਂ ਮੁਆਫ਼ੀਨਾਮੇ ਅੱਜ ਵੀ ਬੱਲ ਕੋਲ ਮੌਜੂਦ ਹਨ। ਉਸਦੇ ਇਸ ਜੱਹਾਦ ਨੂੰ ਪੰਜਾਬੀ ਸਭਿਆਚਾਰਕ ਪ੍ਰੇਮੀ ਹਮੇਸ਼ਾ ਯਾਦ ਰੱਖਣਗੇ :-

ਜੇ ਮਰਨਾ ਹੈ ਤਾਂ ਐਸੀ ਅਣਖ਼ ਦੀ ਮੌਤੇ ਮਰੀਂ ਐ 'ਬੱਲ'!
ਕਿ ਜਿਹੜੀ ਮੌਤ ਦਾ ਚਰਚਾ ਛਿੜੇ ਸਾਰੇ ਜਹਾਂ ਅੰਦਰ।

ਐਸੀ ਹੀ ਮੌਤ ਦੇ ਕਈ ਵਾਰ ਰੂ-ਬ-ਰੂ ਹੋਣ ਵਾਲਾ ਹਰਜਿੰਦਰ ਬੱਲ ਅਸਲ ਵਿਚ ਮੁਹੱਬਤ ਦਾ ਸ਼ਾਇਰ ਹੈ। ਉਸਨੂੰ ਜਦ ਅਹਿਸਾਸ ਹੋ ਗਿਆ ਕਿ :

ਲੁਕਾਈ ਰੱਖਿਆ ਦਿਲ ਵਿਚ ਤਾਂ ਇਸਨੇ ਜ਼ਹਿਰ ਬਣ ਜਾਣੈਂ,
ਕਿਸੇ ਨੂੰ ਦਰਦ ਜੇ ਦਿਲ ਦਾ ਸੁਣਾ ਲੈਂਦੇ ਤਾਂ ਚੰਗਾ ਸੀ।

ਤਾਂ ਬੱਲ ਸ਼ਾਇਰ ਬਣ ਗਿਆ। ਬੇਸ਼ੱਕ ਉਹ ਜਾਣਦੈ ਕਿ :

ਕਦੇ ਇਹ ਰੋਲਦੈ ਥਲ ਵਿਚ, ਕਦੇ ਬੇਲੀਂ ਰੁਲ਼ਾ ਦਿੰਦੈ।
ਨਸ਼ਾ ਹੀ ਇਸ਼ਕ ਦਾ ਐਸਾ ਹੈ ਜੋ ਸੁਧ-ਬੁਧ ਗੁਆ ਦਿੰਦੈ।

ਦੇਰ ਹੋਈ ਦਾਸ ਨੇ ਇੱਕ ਸ਼ਿਅਰ ਕਿਹਾ ਸੀ-

ਉਹ ਇਕ ਨਸ਼ਤਰ ਜਿਹੀ ਨੂੰ ਜੇ ਨਾ ਦਿਲ ਅੰਦਰ ਜਗਾਹ ਦਿੰਦਾ,
ਤਾਂ ਕਿਉਂ ਬਦ-ਬਖ਼ਤ 'ਸੰਧੂ' ਦਿਲ 'ਚ ਐਨੇ ਟੱਕ ਲਈ ਫਿਰਦਾ।

ਪਰ ਬੱਲ ਇੱਕ 'ਨਸ਼ਤਰ ਜਿਹੀ' ਨੂੰ 'ਚੰਦ' ਦੱਸਦਾ ਹੈ ਤੇ ਫਿਰ ਕਹਿੰਦਾ ਹੈ :

ਜੇ ਦੰਗ ਹੀ ਨਾ ਰਹਿ ਗਿਆ ਤਾਂ ਫਿਰ ਕਰੀਂ ਤੂੰ ਗੱਲ,
ਅੰਬਰ ਦਾ ਚੰਦ ਵੇਖਿਐ, ਮੇਰਾ ਵੀ ਚੰਦ ਵੇਖ।

ਜਦੋਂ ਐਸਾ ਚੰਦ ਕਿਤੇ ਵਿੱਛੜ ਜਾਵੇ, ਰਾਤਾਂ ਤਾਂ ਕੀ ਦਿਨਾਂ ਨੂੰ ਵੀ ਹਨੇਰਿਆਂ ਕਰ ਜਾਵੇ ਤਾਂ ਸ਼ਾਇਰ ਕੀ ਕਹੇ? ਕੀ ਲਿਖੇ?

ਮੇਰੇ ਗੀਤਾਂ ਦੀ ਸੀ ਤੂੰ ਜਾਨ ਗ਼ਜ਼ਲਾਂ ਵਰਗੀਏ ਕੁੜੀਏ!
ਤੇਰੇ ਬਿਨ ਗੀਤ ਵਿਲਕਣ, ਤੂੰ ਗ਼ਜ਼ਲ ਕਹਿਣਾ ਭੁਲਾ ਦਿੱਤਾ।

ਮੁਹੱਬਤ ਸਫਲ ਹੋਵੇ ਜਾਂ ਅਸਫਲ, ਪਰ ਬੱਲ ਵਰਗਾ ਸਾਫ-ਸ਼ਫ਼ਾਫ ਕਿਰਦਾਰ ਵਾਲਾ ਸ਼ਾਇਰ ਸਮਾਜਿਕ ਰਹੁ-ਰੀਤਾਂ ਨੂੰ ਹੱਥੋਂ ਨਹੀਂ ਖਿਸਕਣ ਦਿੰਦਾ। ਰਸਮਾਂ, ਰਿਵਾਜ਼ਾਂ ਤੇ ਸਮਾਜਿਕ ਰਿਸ਼ਤਿਆਂ ਦੀ ਪਵਿੱਤਰਤਾ ਨਾਲ ਸੰਬੰਧ ਰੱਖਦਾ ਬੱਲ ਦਾ ਇੱਕ ਸ਼ਿਅਰ ਮੁਲਾਹਿਜ਼ਾ ਫ਼ੁਰਮਾਉ-

ਰੀਤ-ਰਿਵਾਜ਼ਾਂ ਖਾ ਲਈ, ਸਾਡੀ ਜੋਬਨ ਰੁੱਤ,
ਰਸਮਾਂ ਦੀ ਇਕ ਲੀਕ ਨਾ, ਸਾਥੋਂ ਹੋਈ ਟੱਪ।

ਐਸੀਆਂ ਸ਼ਿਸ਼ਟਾਚਾਰਕ ਅਹਿਤਿਆਤਾਂ ਵੀ ਕੋਈ ਬੁਲੰਦ ਕਿਰਦਾਰ ਵਾਲਾ ਆਸ਼ਿਕ ਹੀ ਨਿਭਾ ਸਕਦਾ ਹੈ, ਨਹੀਂ ਤਾਂ ਬਹੁਤੇ ਸ਼ਾਇਰ ਤਾਂ ਇਵੇਂ ਹੀ ਆਖਦੇ ਸੁਣੀਂਦੇ ਨੇ, ਅਖੇ-

ਹਾਂ, ਮੈਂ ਆਪੇ ਹੀ ਕਿਹਾ ਸੀ, 'ਹੋਂਠ ਸੁੱਚੇ ਰੱਖਣੇ',
ਹਾਇ! ਪਰ ਇਸ ਪਿਆਸ ਤੇ ਉਸ ਬਾਤ ਵਿਚਲਾ ਫ਼ਾਸਿਲਾ।

ਤੇ ਫਿਰ-

'ਜੇ ਬਹੁਤ ਹੀ ਪਿਆਸ ਹੈ ਤਾਂ ਮੇਟ ਦੇਵਾਂ?', ਉਸ ਕਿਹਾ,
'ਰਿਸ਼ਤਿਆਂ ਤੇ ਰਿਸ਼ਤਿਆਂ ਦੀ ਘਾਤ ਵਿਚਲਾ ਫ਼ਾਸਿਲਾ?'

-ਸੁਰਜੀਤ ਪਾਤਰ

ਹਰਜਿੰਦਰ ਬੱਲ ਮੁਹੱਬਤ ਦਾ ਸ਼ਾਇਰ ਹੈ। ਮੁਹੱਬਤ, ਜੋ ਉਸਨੇ ਸਿਰਫ ਆਪਣੇ ਮਹਿਬੂਬ ਨਾਲ ਹੀ ਨਹੀਂ ਕੀਤੀ। ਮੁਹੱਬਤ, ਜੋ ਉਸਨੇ ਆਪਣੇ ਸਾਰੇ ਲੋਕਾਂ ਤੇ ਦੁਨੀਆ ਦੇ ਹਰ ਬਸ਼ਰ ਨਾਲ ਕੀਤੀ ਹੈ। ਮੁਹਬੱਤ, ਜੋ ਉਸਨੂੰ ਮਜਬੂਰ ਕਰ ਦਿੰਦੀ ਹੈ ਆਪਣਿਆਂ ਦੇ ਹੱਕਾਂ ਵਾਸਤੇ ਜੂਝ ਮਰਨ ਨੂੰ। ਉਸਦੀ ਕਵਿਤਾ ਉਸਦੇ ਇਸ ਜਜ਼ਬੇ ਨੂੰ ਵੀ ਭਲੀ-ਭਾਂਤ ਪਾਠਕਾਂ ਦੇ ਰੂ-ਬ-ਰੂ ਕਰਦੀ ਹੈ ਤੇ ਉੱਥੇ ਵੀ ਰੰਗ ਜਮਾ ਜਾਂਦੀ ਹੈ, ਜਿੱਥੇ ਲਹੂ ਵੀ ਲਹੂ ਦੇ ਰੰਗ ਦਾ ਨਹੀਂ ਰਹਿ ਜਾਂਦਾ:

ਸੁਣਿਐਂ ਕੱਲ੍ਹ ਠਾਣੇ ਵਿਚ ਚਰਚਾ ਹੁੰਦੀ ਸੀ,
ਮੇਰੀ ਕਵਿਤਾ ਵਾਹਵਾ ਰੰਗ ਜਮਾਇਆ ਹੈ।

'ਲੋਕਤੰਤਰ' ਲਫ਼ਜ਼ ਇਕ ਬਹੁਤ ਮਨ-ਲੁਭਾਉਣਾ ਲਫ਼ਜ਼ ਹੈ ਪਰ ਇਸ ਅੰਨ੍ਹੇ ਲੋਕਤੰਤਰ 'ਤੇ ਹਰਜਿੰਦਰ ਬੱਲ ਨੂੰ ਸਖ਼ਤ ਗਿਲਾ ਹੈ :-

ਕਿਹੀ ਆਜ਼ਾਦੀ ਹੈ ਦੱਸੋ, ਹੈ ਕੇਹਾ ਲੋਕਤੰਤਰ ਇਹ?
ਜੇ ਅਪਣਾ ਹੱਕ ਵੀ ਮੰਗੋ ਤਾਂ ਇਹ ਸੂਲੀ ਚੜ੍ਹਾ ਦਿੰਦੇ।

ਐਸੇ ਬੇ-ਅਸੂਲੇ ਪ੍ਰਬੰਧ ਨੂੰ ਸਿਰਫ ਅਨਪੜ੍ਹ ਜਾਹਿਲ, ਖਾਲੀ ਖੋਪਰੇ ਹੀ ਚਾਹੀਦੇ ਹਨ, ਜਿਨ੍ਹਾਂ ਦੇ ਹੱਥ ਵਿੱਚ ਇੱਕ ਇੱਕ ਅੰਨ੍ਹੀਂ ਵੋਟ ਫੜੀ ਹੋਵੇ। ਜੋ ਚੰਦ ਟਕਿਆਂ ਵਿੱਚ ਵਿਕ ਸਕੇ। ਦਿਮਾਗ਼, ਅਣਖ਼ ਅਤੇ ਗ਼ੈਰਤ ਵਾਲੇ ਇਨਸਾਨ ਤਾਂ ਇਸ ਪ੍ਰਬੰਧ ਨੂੰ ਫੁੱਟੀ ਅੱਖ ਨਹੀਂ ਭਾਉਂਦੇ, ਤਾਂ ਹੀ ਤਾਂ ਉਹ ਇਸ ਪ੍ਰਬੰਧ ਨੂੰ ਸੰਬੋਧਤ ਹੁੰਦਾ ਕਹਿੰਦਾ ਹੈ :-

ਤੁਸੀਂ ਟਿਕਣਾ ਨਹੀਂ ਪਲ ਵੀ, ਅਸੀਂ ਜਦ ਹੱਕ ਦੀ ਖਾਤਰ,
ਸਿਰਾਂ 'ਤੇ ਬੰਨ੍ਹਕੇ ਕੱਫਣ, ਤੁਰੇ ਇਕ ਕਾਫ਼ਿਲਾ ਬਣਕੇ।

ਬੱਲ ਨੇ ਸਰਕਾਰੀ ਅਤੇ ਗ਼ੈਰ-ਸਰਕਾਰੀ ਦਹਿਸ਼ਤਵਾਦ ਨੂੰ ਵੀ ਆਪਣੇ ਹੱਡਾਂ 'ਤੇ ਹੰਢਾਇਆ ਹੈ। ਇਸੇ ਲਈ ਉਹ ਉਸ ਕਾਲੇ ਯੁੱਗ ਦੀ ਬੇ-ਯਕੀਨੀ ਤੋਂ ਖ਼ੌਫ਼ਜ਼ਦਾ ਰਿਹਾ ਹੈ :-

ਜਦ ਸਵੇਰੇ ਨਿਕਲੀਏ ਘਰ 'ਚੋਂ ਨਹੀਂ ਹੁੰਦਾ ਯਕੀਨ,
ਸ਼ਾਮ ਨੂੰ ਅਪਣੇ ਘਰੀਂ ਫਿਰ ਪਰਤ ਆਵਾਂਗੇ ਅਸੀਂ।

ਇਸ ਦੌਰ ਵਿੱਚ ਵਾਪਰੇ ਹਰ ਅਨਰਥ ਵਾਸਤੇ ਬੱਲ ਦੇ ਜ਼ਿਹਨ ਵਿੱਚ ਖੌਲਦੇ ਲਾਵੇ ਵਰਗਾ ਰੋਸ ਭਰਿਆ ਪਿਆ ਹੈ। ਪਰ ਉਸਨੂੰ ਜੋ ਸਭ ਤੋਂ ਵੱਡਾ ਗਿਲਾ ਹੈ, ਰੋਹ ਹੈ। ਉਹ ਕਹਿੰਦਾ ਹੈ :

ਸਭ ਸਿਤਮ ਭੁਲ ਜਾਣਗੇ ਭਾਵੇਂ, ਮਗ਼ਰ ਸੰਭਵ ਨਹੀਂ,
ਕਿ ਚੁਰਾਸੀ ਦੇ ਸਿਤਮ ਵੀ ਭੁੱਲ ਜਾਵਾਂਗੇ ਅਸੀਂ।

ਸ਼ਾਇਰੀ ਵਿੱਚ 'ਸਨਦ' ਪੇਸ਼ ਕਰਨੀ, ਇਤਿਹਾਸ ਵਿੱਚੋਂ ਹਵਾਲਾ ਦੇਣਾ ਤੇ ਉਸ ਆਧਾਰ 'ਤੇ ਆਪਣੀ ਗੱਲ ਦੀ ਪ੍ਰੋੜ੍ਹਤਾ ਕਰਨਾ ਇਕ ਮੁਸ਼ਕਿਲ ਪਰ ਉਸਤਾਦੀ ਕੰਮ ਹੈ। ਗ਼ਜ਼ਲ ਦੇ ਕੇਵਲ ਦੋ ਮਿਸਰਿਆਂ ਵਿਚ ਇਤਿਹਾਸ ਦਾ ਹਵਾਲਾ ਦੇ ਕੇ ਗੱਲ ਕਰਨੀ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੁੰਦੀ ਹੈ ਪਰ ਕਰਨ ਵਾਲੇ ਜਦ ਇਹ ਕ੍ਰਿਸ਼ਮਾ ਕਰ ਵਿਖਾਉਂਦੇ ਹਨ ਤਾਂ ਦਿਲ ਅਸ਼-ਅਸ਼ ਕਰ ਉੱਠਦਾ ਹੈ :

ਅਗ਼ਰ ਨ ਉੱਠਦਾ ਕੋਈ ਵੀ 'ਮੀਰਾਂਕੋਟੀਆ'* ਬਣ ਕੇ।
ਤਾਂ ਰਹਿ ਜਾਂਦੇ ਅਸੀਂ ਸਭ ਕੌਮ ਲਈ ਧੱਬਾ ਜਿਹਾ ਬਣ ਕੇ।

ਜ਼ਾਲਮ ਨੇ ਸੂਲੀ 'ਤੇ ਟੰਗੇ 'ਫੁੱਲ'** ਜਦੋਂ।
ਡੋਲ ਗਿਆ ਉਹ ਖ਼ੁਦ ਨਾ ਡੋਲੇ 'ਫੁੱਲ' ਜਦੋਂ।

ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਵਿੱਚ ਅਕੀਦਤ ਰੱਖਣ ਵਾਲਾ 'ਬੱਲ' ਉਂਜ ਹੈ ਬੜੀ 'ਚੀਜ਼'। ਕਈ ਉਸਦਾ ਨਾਂ ਲੈਣੋਂ ਡਰਦੇ ਹਨ ਅਤੇ ਕਈ ਉਸਦਾ ਨਾਂ ਲੈ ਕੇ ਜਿਉਂਦੇ ਹਨ।

---

*ਸਰਦਾਰ ਮਹਿਤਾਬ ਸਿੰਘ ਮੀਰਾਂਕੋਟੀਆ, ਜਿਸਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਹੁਰਮਤੀ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਕੱਟ ਕੇ ਪੰਥ ਖਾਲਸਾ ਦੇ ਚਰਨਾਂ ਵਿਚ ਰਾਜਸਥਾਨ ਵਿਖੇ ਪਹੁੰਚਾਇਆ ਸੀ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ।

ਬੱਲ ਦੀ ਸ਼ਾਇਰੀ ਭਾਵੇਂ ਮੁਹੱਬਤ ਦੀ ਗੱਲ ਬੜੀ ਸ਼ਿੱਦਤ ਨਾਲ ਕਰਦੀ ਹੈ ਪਰ ਅਸਲ ਵਿੱਚ ਉਸਦੀ ਸ਼ਾਇਰੀ ਦਹਿਸ਼ਤ, ਮੁਸ਼ਕਿਲਾਂ ਅਤੇ ਸੰਸਿਆਂ ਨੂੰ ਹੀ ਸਮਰਪਿਤ ਹੈ। ਵਧੀਆ ਗੱਲ ਇਹ ਹੈ ਕਿ ਉਹ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਅਤੇ ਔਕੜਾਂ ਦੇ ਬਾਵਜੂਦ ਜ਼ਿੰਦਗੀ ਤੋਂ ਨਿਰਾਸ਼ ਨਹੀਂ ਹੈ। ਉਹ ਆਸ਼ਾਵਾਦੀ ਵੀ ਹੈ ਤੇ ਸਿਰੜੀ ਵੀ :

ਝੂਮਦੀ ਆਇਆ ਕਰੇਗੀ ਮੇਰੇ ਗੁਲਸ਼ਨ ਵਿਚ ਬਹਾਰ,
ਲੋਕ ਮੇਰੇ ਇਸ਼ਕ ਦੇ ਜਦ ਗੀਤ ਗਾਇਆ ਕਰਨਗੇ।

ਉਹ 30 ਸਾਲ ਤੋਂ ਸ਼ਹਿਰਾਂ ਵਿੱਚ ਰਹਿੰਦਾ ਹੋਇਆ ਵੀ ਪੰਜਾਬੀ ਮਾਂ-ਬੋਲੀ ਦੇ ਪੇਂਡੂ ਅਤੇ ਸ਼ਹਿਦੋਂ ਮਿੱਠੇ ਬੋਲਾਂ ਨਾਲੋਂ ਵੀ ਮੋਹ ਨਹੀਂ ਤੋੜ ਸਕਿਆ :-

ਉਡਾਰੀ ਲਾ ਗਿਐਂ 'ਡੁਬ ਜਾਣਿਆ' ਕਿੱਧਰ ਪਲਾਂ ਅੰਦਰ?
ਤੂੰ ਹੀ ਤਾਂ ਸੀ ਮੇਰਾ ਇਕ ਆਸਰਾ ਸਾਰੇ ਜਹਾਂ ਅੰਦਰ।

'ਬੱਲ' ਦੇ ਸ਼ਿਅਰਾਂ ਵਿੱਚੋਂ ਖ਼ੂਬਸੂਰਤ ਮੁਹਾਵਰੇ ਸਨਦ ਵਜੋਂ ਵਰਤੇ ਜਾ ਸਕਦੇ ਹਨ। ਕਵਿਤਾ ਵਿੱਚ ਮੁਹਾਵਰਾ ਸਹੀ ਮਾਅਨਿਆਂ ਅਤੇ ਸਹੀ ਵਜ਼ਨ ਵਿਚ ਬੰਨ੍ਹਣਾ ਬੜੀ ਕਾਰੀਗਰੀ ਦਾ ਕੰਮ ਹੈ। ਮੁਹਾਵਰੇ ਸਾਡੀ ਲਿਖਤ ਨੂੰ ਮਜ਼ੇਦਾਰ ਅਤੇ ਖ਼ੂਬਸੂਰਤ ਬਣਾ ਦਿੰਦੇ ਹਨ :-

'ਕੰਡੇ ਚੁਣੇ' ਮੈਂ ਜਿਸ ਦਿਆਂ ਰਾਹਾਂ 'ਚੋਂ 'ਪਲਕਾਂ ਨਾਲ'
ਮੇਰੇ ਹੀ ਰਾਹੀਂ ਉਹ ਰਿਹਾ 'ਕੰਡੇ ਖਿਲਾਰਦਾ'।

ਤੁਸੀਂ 'ਕੰਨਾਂ ਦੇ ਕੱਚੇ' ਸੀ 'ਕਿਨਾਰਾ ਕਰ ਗਏ' ਸਾਥੋਂ,
ਮਗਰ ਇਕ ਵਾਰ ਸਾਨੂੰ ਆਜ਼ਮਾ ਲੈਂਦੇ ਤਾਂ ਚੰਗਾ ਸੀ।

ਦੁਆਵਾਂ ਰੱਬ ਨਾ ਮੰਨੇ, ਹਕੀਮਾਂ 'ਝਾੜਿਆ ਪੱਲਾ',
ਨਜ਼ਰ ਆਉਂਦਾ ਨਹੀਂ ਕੋਈ, ਕਹਾਂ ਜਿਸਨੂੰ ਬਚਾ ਮੈਨੂੰ।

ਟਕੋਰ ਅਤੇ ਵਿਅੰਗ ਕਿਸੇ ਵੀ ਲਿਖਤ ਦੀ ਖ਼ੂਬੀ ਮੰਨੇ ਜਾਂਦੇ ਹਨ। ਬੱਲ ਇਸ ਕਲਾ ਵਿੱਚ ਵੀ ਮਾਹਿਰ ਹੈ :

ਤੇਰੇ ਹੀ ਵਲ ਵੇਖਦਾ ਮੈਂ ਤਿਲਕਿਆਂ ਬਰਸਾਤ ਵਿਚ।
ਸਾਹਮਣੇ ਤੇਰੇ ਮੈਂ ਮੂਧੇ ਮੂੰਹ ਪਿਆਂ ਬਰਸਾਤ ਵਿਚ।

ਮੈਂ ਆਸ ਕਰਦਾ ਹਾਂ ਕਿ ਇਹ ਪੁਸਤਕ ਤੁਹਾਡੇ ਸੁਹਜ-ਸੁਆਦ ਨੂੰ ਪੂਰੀ ਤਰ੍ਹਾਂ ਤ੍ਰਿਪਤ ਕਰੇਗੀ ਤੇ ਤੁਸੀਂ ਮਹਿਸੂਸ ਕਰੋਗੇ ਕਿ ਮੈਂ ਇਕ ਬੇਨਜ਼ੀਰ ਪੁਸਤਕ ਨਾਲ ਤੁਹਾਡਾ ਤੁਆਰੁਫ਼ ਕਰਵਾਇਆ ਹੈ। ਇਸ ਪਲੇਠੇ ਗ਼ਜ਼ਲ-ਸੰਗ੍ਰਹਿ 'ਸਿਸਕੀਆਂ' ਲਈ ਮੈਂ ਆਪਣੇ ਛੋਟੇ ਵੀਰ ਹਰਜਿੰਦਰ ਬੱਲ ਨੂੰ ਕੋਟ-ਕੋਟ ਵਧਾਈ ਦਿੰਦਾ ਹਾਂ।

ਅੰਤ ਵਿੱਚ ਮੈਂ ਬੱਲ ਦੇ ਦੋ ਬਹੁਤ ਹੀ ਪਿਆਰੇ ਸ਼ਿਅਰ ਆਪ ਜੀ ਨਜ਼ਰ ਕਰਕੇ 'ਸਿਸਕੀਆਂ' ਅਤੇ ਤੁਹਾਡੇ ਵਿਚਕਾਰੋਂ ਪਾਸੇ ਹੋਣ ਦੀ ਇਜਾਜ਼ਤ ਚਾਹਾਂਗਾ-

ਗ਼ਿਲੇ ਤੂੰ ਵੀ ਕਰੀਂ, ਮੈਂ ਵੀ ਸੁਣਾਊਂ ਦਿਲ ਦੀਆਂ ਬਹਿ ਕੇ,
ਕਿਤੇ ਬਹਿ ਸਾਹਮਣੇ ਮੇਰੇ, ਕਿਤੇ ਸਾਹਵੇਂ ਬਿਠਾ ਮੈਨੂੰ।

ਉਹ ਕਹਿੰਦਾ ਸੀ- ਮੈਂ ਨਹੀਂ ਆਉਣਾ, ਮੈਂ ਕਹਿੰਦਾ ਸੀ- ਮੈਂ ਨਹੀਂ ਜੀਣਾ,
ਅਸਾਂ ਦੋਵਾਂ ਨੇ ਹੀ ਅੱਜ ਆਪਣਾ ਵਾਅਦਾ ਨਿਭਾ ਦਿੱਤਾ।

**ਅਮਰਜੀਤ ਸਿੰਘ ਸੰਧੂ**
421-ਦਕੋਹਾ, ਜਲੰਧਰ -144023

1 ਨਵੰਬਰ 2006

# ਸਬਰ ਦਾ ਫਲ

ਅੱਜ ਮੈਨੂੰ 32 ਵਰ੍ਹੇ ਪਹਿਲਾਂ ਦੀ ਉਹ ਤਿੱਖੜ ਦੁਪਹਿਰ ਯਾਦ ਆ ਰਹੀ ਹੈ ਜਦੋਂ ਮੈਨੂੰ ਮੇਰੇ ਛੋਟੇ ਭਰਾ ਨੇ ਬਲਦ ਅਤੇ ਝੋਟੇ ਦੀ ਜੋੜੀ ਨਾਲ ਹਲ਼ ਵਾਹੁੰਦੇ ਨੂੰ ਇਕ ਚਿੱਠੀ ਫੜਾਈ ਸੀ। ਇਹ ਚਿੱਠੀ ਉਸਤਾਦ ਦੀਪਕ ਜੈਤੋਈ ਹੁਰਾਂ ਦੀ ਸੀ। ਇਸ ਵਿਚ ਉਨ੍ਹਾਂ ਮੇਰੀ ਪਹਿਲੀ ਗ਼ਜ਼ਲ ਇਸਲਾਹ ਕਰਕੇ ਭੇਜੀ ਸੀ ਜੋ ਕਿ ਇਸ ਤੋਂ ਕਈ ਮਹੀਨੇ ਪਹਿਲਾਂ ਭਾਸ਼ਾ ਵਿਭਾਗ ਦੇ ਪਰਚੇ 'ਜਨ ਸਾਹਿਤ' ਵਿਚ ਛਪ ਚੁੱਕੀ ਸੀ। ਮੈਨੂੰ ਇਸਲਾਹ ਕੀਤੀ ਗ਼ਜ਼ਲ ਵੇਖ ਕੇ ਬੜਾ ਗੁੱਸਾ ਚੜ੍ਹਿਆ। ਚੰਗੀ-ਭਲੀ ਗ਼ਜ਼ਲ ਦਾ ਹੁਲੀਆ ਵਿਗੜਿਆ ਵੇਖ ਕੇ ਮੇਰਾ ਦਿਲ ਕੀਤਾ ਕਿ ਅੱਜ ਹੀ ਜਵਾਬੀ ਖ਼ਤ ਲਿਖ ਕੇ ਅਜਿਹੀ ਉਸਤਾਦੀ-ਸ਼ਾਗਿਰਦੀ ਤੋਂ ਤੌਬਾ ਕਰ ਲਵਾਂ ਪਰ ਪਤਾ ਨਹੀਂ ਕਿਵੇ ਸਬਰ ਕਰ ਲਿਆ। ਇਸ ਸਬਰ ਦਾ ਮੈਨੂੰ ਇਹ ਫਲ ਮਿਲਿਆ ਕਿ ਵਿੰਹਦੇ-ਵਿੰਹਦੇ ਹੀ ਮੈਂ ਅਰੂਜ਼ ਦੀਆਂ ਪੇਚੀਦਾ ਪਗਡੰਡੀਆਂ 'ਚ ਕਿਧਰੇ ਗੁਆਚ ਗਿਆ। ਮੈਂ ਨੀਮ ਪਾਗਲਾਂ ਵਾਂਗ ਉੱਠਦਾ-ਬਹਿੰਦਾ, ਸੁੱਤਾ-ਜਾਗਦਾ ਅਰੂਜ਼ ਦੀਆਂ ਬਹਿਰਾਂ ਰਟਦਾ ਰਹਿੰਦਾ। ਪਹਿਲਾਂ-ਪਹਿਲ ਮੈਨੂੰ ਇਹ ਕੰਮ ਬੜਾ ਔਖਾ ਲੱਗਦਾ ਸੀ ਪਰ ਹੌਲੀ-ਹੌਲੀ ਰੁਚੀ ਵਧਦੀ ਗਈ। ਕਦੀ-ਕਦੀ ਮੇਰੀ ਹਾਲਤ ਵੇਖ ਕੇ ਸਾਰਾ ਪਰਿਵਾਰ ਦੁਖੀ ਹੋ ਜਾਂਦਾ ਕਿਉਂਕਿ ਮੇਰੇ ਵਲੋਂ ਕੀਤੀਆਂ ਜਾਂਦੀਆਂ ਅਰੂਜ਼ ਦੀਆਂ ਜ਼ਰਬਾਂ-ਤਕਸੀਮਾਂ ਕਿਸੇ ਦੇ ਵੀ ਸਮਝ ਨਹੀਂ ਸੀ ਆਉਂਦੀਆਂ ਹੁੰਦੀਆਂ।

20 ਜੂਨ 1976 ਨੂੰ ਜਲੰਧਰ 'ਚ ਇਕ ਕਵੀ ਦਰਬਾਰ 'ਤੇ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਨਾਲ ਪਹਿਲੀ ਵਾਰ ਮੇਲ ਹੋਇਆ। ਉਨ੍ਹਾਂ ਨੇ ਮੈਨੂੰ ਅਸ਼ੀਰਵਾਦ ਦਿੱਤਾ। ਮੈਂ ਪਹਿਲੀ ਵਾਰੀ ਉਸਤਾਦ ਦੇ ਅਸ਼ੀਰਵਾਦ ਦਾ ਪ੍ਰਤੱਖ ਅਸਰ ਵੇਖਿਆ। ਫੇਰ ਉਹ ਦਿਨ ਤੇ ਅੱਜ ਦਾ ਦਿਨ। ਮੈਂ ਅਰੂਜ਼ ਨੂੰ ਸਮਰਪਿਤ ਹੋ ਗਿਆ। ਲਿਖਣ ਨਾਲੋਂ ਵਧੇਰੇ ਜ਼ੋਰ ਮੈਂ ਅਰੂਜ਼ ਦੀ ਡੂੰਘਾਈ ਤੱਕ ਜਾਣ 'ਤੇ ਦਿੱਤਾ। ਬੇਸ਼ੱਕ ਮੈਂ ਗ਼ਜ਼ਲ ਵੀ ਲਿਖਦਾ ਰਿਹਾ ਪਰ ਅਸਲ 'ਚ ਮੇਰਾ ਧਿਆਨ ਗ਼ਜ਼ਲ ਲਿਖਣ ਵੱਲ ਘੱਟ ਅਤੇ ਦੂਸਰੇ ਸ਼ਾਇਰਾਂ ਦੀਆਂ ਗਜ਼ਲਾਂ 'ਚੋਂ ਖ਼ਾਮੀਆਂ ਲੱਭਣ ਵੱਲ ਵਧੇਰੇ ਹੋ ਗਿਆ। ਅਖ਼ਬਾਰਾਂ ਅਤੇ ਰਸਾਲਿਆਂ ਵਿਚ ਗ਼ਜ਼ਲ ਸੰਬੰਧੀ ਛਪੇ ਮੇਰੇ ਆਲੋਚਨਾਤਮਿਕ ਲੇਖਾਂ ਦਾ ਨੋਟਿਸ ਲਿਆ ਜਾਣ ਲੱਗਾ।

ਇਸੇ ਦੌਰਾਨ ਮੈਂ ਪੱਤਰਕਾਰੀ ਨੂੰ ਕਿੱਤੇ ਵਜੋਂ ਅਪਣਾ ਲਿਆ। ਪੱਤਰਕਾਰੀ ਦੇ ਸਫ਼ਰ ਦੌਰਾਨ 1991 ਵਿਚ ਖੰਨਾ ਵਿਖੇ ਇਕ ਸਾਹਿਤਕ ਪ੍ਰੋਗਰਾਮ ਦੌਰਾਨ ਗਾਇਕ ਲਾਭ ਜੰਜੂਆ ਨਾਲ ਹੋਏ ਮੇਲ ਕਾਰਨ ਮੇਰੀ ਗਜ਼ਲਗੋਈ ਤੇ ਪੱਤਰਕਾਰੀ ਦੇ ਨਾਲ-ਨਾਲ ਮੇਰੀ ਜ਼ਿੰਦਗੀ 'ਚ ਇਕ ਹੋਰ ਅਹਿਮ ਮੋੜ ਆਇਆ। ਲਾਭ ਜੰਜੂਆ ਰਾਹੀਂ ਸਰਦੂਲ ਸਿਕੰਦਰ ਅਤੇ ਚਰਨਜੀਤ ਆਹੂਜਾ ਨਾਲ ਮਿਲਾਪ ਹੋਇਆ। ਫਿਰ ਹੌਲੀ-ਹੌਲੀ ਹੰਸ ਰਾਜ ਹੰਸ, ਹਰਭਜਨ ਮਾਨ, ਜੈਦੇਵ ਕੁਮਾਰ ਅਤੇ ਜਸਬੀਰ ਜੱਸੀ ਵਰਗੇ ਨਾਮਵਰ ਗਾਇਕ ਵੀ ਮੇਰੀ ਇਸ ਨੇੜਤਾ ਦੇ ਘੇਰੇ ਵਿਚ ਆ ਰਲ਼ੇ।

ਇਸ ਦੌਰਾਨ 6-7 ਸਾਲ ਮੈਂ ਸੰਗੀਤ ਸਮਰਾਟ ਚਰਨਜੀਤ ਆਹੂਜਾ ਹੋਰਾਂ ਨਾਲ ਰਹਿ ਕੇ ਆਡੀਓ ਕਲਚਰ ਨੂੰ ਅੰਦਰ ਤੀਕ ਵਾਚਿਆ। ਮੈਨੂੰ ਲੱਗਿਆ ਕਿ ਇਸ ਖੇਤਰ ਵਿਚ ਕਾਫੀ ਕੁਝ ਗਲਤ ਹੋ ਰਿਹਾ ਹੈ। ਮੈਂ ਆਪਣੇ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਤੋਂ ਅਸ਼ੀਰਵਾਦ ਲੈ ਕੇ ਗ਼ਜ਼ਲ ਦੇ ਨਾਲ-ਨਾਲ ਆਡੀਓ ਕਲਚਰ ਵਿਚ ਵੀ ਸ਼ਾਮਿਲ ਹੋ ਗਿਆ। ਮੈਨੂੰ ਦੀਪਕ ਸਾਹਿਬ ਦਾ ਇਹ ਹੁਕਮ ਵੀ ਸੀ ਕਿ ਗੀਤਕਾਰੀ ਵਿਚ ਕਦੇ ਵੀ ਕੋਈ ਅਜਿਹੀ ਗੱਲ ਨਹੀਂ ਕਰਨੀ, ਜਿਸ ਨਾਲ ਅਸੂਲ-ਏ-ਮੁਹੱਬਤ 'ਤੇ ਹਰਫ ਆਉਂਦਾ ਹੋਵੇ। ਉਨ੍ਹਾਂ ਇਹ ਵੀ ਹੁਕਮ ਕੀਤਾ ਕਿ ਇਸ ਖੇਤਰ

ਦੇ ਖ਼੍ਰੀਦਦਾਰਾਂ ਤੋਂ ਬਚਣਾ ਅਤੇ ਗੀਤ-ਸੰਗੀਤ ਅਤੇ ਮਾਂ-ਬੋਲੀ ਨਾਲ ਧੱਕਾ ਹੁੰਦਾ ਵੇਖਕੇ ਖ਼ਾਮੋਸ਼ ਨਹੀਂ ਰਹਿਣਾ।

ਉਨ੍ਹਾਂ ਦੇ ਅਸ਼ੀਰਵਾਦ ਨੇ ਇਕ ਵਾਰ ਫਿਰ ਕਰਾਮਾਤ ਕੀਤੀ। ਇਸ ਖੇਤਰ 'ਚ ਹਰੇਕ ਗਾਇਕ, ਸੰਗੀਤਕਾਰ, ਗੀਤਕਾਰ ਅਤੇ ਕੈਸੇਟ ਕੰਪਨੀ ਮਾਲਕ ਦਾ ਸਹਿਯੋਗ ਮੇਰੇ ਲਈ ਵਰਦਾਨ ਸਾਬਤ ਹੋਇਆ। ਫਿਰ ਵੀ ਆਡੀਓ ਖੇਤਰ 'ਚ ਪਰਦੇ ਪਿੱਛੇ ਹੁੰਦੇ ਘਾਲ਼ੇ-ਮਾਲ਼ੇ ਅਤੇ ਦੀਪਕ ਸਾਹਿਬ ਦਾ ਇਹ ਸਭ ਕੁਝ ਵੇਖ ਕੇ ਖ਼ਾਮੋਸ਼ ਨਾ ਰਹਿਣ ਦਾ ਹੁਕਮ ਮੈਨੂੰ ਚੈਨ ਨਹੀਂ ਸੀ ਲੈਣ ਦਿੰਦਾ। ਉਨ੍ਹਾਂ ਦੇ ਹੁਕਮ 'ਤੇ ਫੁੱਲ ਚੜ੍ਹਾਉਣ ਲਈ ਹੀ ਮੈਂ ਆਪਣੇ ਭਰਾਵਾਂ ਵਰਗੇ ਦੋਸਤਾਂ ਸ੍ਰ. ਕੁਲਦੀਪ ਸਿੰਘ ਬੇਦੀ, ਸੰਗੀਤਕਾਰ ਕੁਲਜੀਤ ਅਤੇ ਜਗਦੇਵ ਸਿੰਘ ਮੋਹਣਪੁਰ ਦੇ ਸਹਿਯੋਗ ਨਾਲ ਫਰਵਰੀ 1997 ਵਿਚ ਮਾਸਿਕ ਪੰਜਾਬੀ ਮੈਗਜ਼ੀਨ 'ਮਿਊਜ਼ਿਕ ਟਾਈਮਜ਼' ਦੀ ਸ਼ੁਰੂਆਤ ਕੀਤੀ, ਜਿਸ ਵਿਚ ਸਾਨੂੰ ਆਸ ਤੋਂ ਕਿਤੇ ਵੱਧ ਸਫਲਤਾ ਮਿਲੀ ਪਰ ਇਸਦਾ ਮੈਨੂੰ ਨਿੱਜੀ ਤੌਰ 'ਤੇ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਕਿ ਮੈਂ ਗ਼ਜ਼ਲ ਤੋਂ ਦੂਰ, ਬਹੁਤ ਦੂਰ ਚਲਾ ਗਿਆ। ਮੈਂ ਆਪਣੀਆਂ ਗ਼ਜ਼ਲਾਂ ਨੂੰ ਕਦੇ ਕਿਤਾਬੀ ਰੂਪ ਵੀ ਦਿਆਂਗਾ, ਇਹ ਤਾਂ ਮੈਂ ਇਕ ਤਰ੍ਹਾਂ ਨਾਲ ਭੁੱਲ-ਭੁਲਾ ਹੀ ਬੈਠਾ ਸੀ। ਗ਼ਜ਼ਲਾਂ ਵਾਲੀ ਡਾਇਰੀ ਵੀ ਕਿਧਰੇ ਗੁਆਚ ਗਈ। ਇਹ ਤਾਂ ਸਿਮਰਨਜੋਤ ਦੀ ਹਿੰਮਤ ਹੈ ਕਿ ਉਸਨੇ ਪੁਰਾਣੇ ਰਸਾਲਿਆਂ ਅਤੇ ਅਖ਼ਬਾਰਾਂ 'ਚੋਂ ਗ਼ਜ਼ਲਾਂ ਇਕੱਤਰ ਕਰਕੇ ਇਨ੍ਹਾਂ ਨੂੰ ਕਿਤਾਬੀ ਰੂਪ ਦੇਣ ਦਾ ਹੌਸਲਾ ਕੀਤਾ ਹੈ। ਇਸ ਕਾਰਜ ਲਈ ਮੈਂ ਹਮੇਸ਼ਾ ਉਸਦਾ ਰਿਣੀ ਰਹਾਂਗਾ।

ਅਖੀਰ ਵਿਚ ਮੈਂ ਪ੍ਰੋ. ਸ. ਸੋਜ਼ ਅਤੇ ਆਪਣੇ ਵੱਡੇ ਵੀਰਾਂ ਵਰਗੇ ਗੁਰਭਾਈ ਅਮਰਜੀਤ ਸਿੰਘ ਸੰਧੂ ਹੋਰਾਂ ਦਾ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਸਮੇਂ-ਸਮੇਂ ਮੇਰੀ ਹੌਸਲਾ ਅਫ਼ਜ਼ਾਈ ਕੀਤੀ।

**ਹਰਜਿੰਦਰ ਬੱਲ**

10 ਨਵੰਬਰ 2006

# ਤਤਕਰਾ


| | |
|---|---|
| ਜ਼ਖ਼ਮਾਂ ਨੂੰ ਵਾ ਲੱਗੇ | 15 |
| ਬਹੁਤ ਵਜਾਏ ਟੱਲ | 16 |
| ਆਲਮ ਹੋਰ ਹੋਣਾ ਸੀ | 18 |
| ਇਹੋ ਡਰ ਹੈ | 19 |
| ਅਪਣੇ ਘਰਾਂ ਵਿੱਚੋਂ | 20 |
| ਆਫ਼ਤ ਉਠਾ ਲਵੀਂ | 22 |
| ਦੂਰ ਜਾਣ ਵਾਲੇ | 23 |
| ਮੇਰੇ ਦਿਲ ਦੀ ਹੈ | 24 |
| ਵਾਰਦਾਂ ਸਾਰਾ ਜਹਾਂ | 25 |
| ਮੀਰਾਂਕੋਟੀਆ ਬਣਕੇ | 26 |
| ਕਿਸਨੇ ਕਿਹਾ ਸੀ | 27 |
| ਮਰਿਆ ਨਹੀਂ ਹਾਂ ਮੈਂ | 28 |
| ਤੇਰੇ ਗ਼ਰਾਂ ਦੇ ਵੱਲ ਦਾ | 29 |
| ਸਦਕੇ ਮੇਰੇ ਯਾਰਾ | 30 |
| ਤੇਰੇ ਕਰਾਰ ਦਾ | 31 |
| ਦੂਰ ਜਾ ਹੋਇਆ | 32 |
| ਸੁਰਖੀ ਅਖ਼ਬਾਰਾਂ ਦੀ | 33 |
| ਟੰਗੇ ਫੁੱਲ ਜਦੋਂ | 34 |
| ਸ਼ਹਿਰ ਜਲੰਧਰ ਵਿਚ | 35 |
| ਚਲਾ ਗਿਆ ਕੋਈ | 36 |
| ਨਿਭਾ ਨਹੀਂ ਹੋਣੀ ਸਾਡੇ ਤੋਂ | 37 |
| ਏਹੋ ਸਜ਼ਾ ਦਿਆਂਗੇ | 38 |
| ਵਫ਼ਾ ਕਰਨੀ ਸਿਖਾ ਗਿਆ | 39 |
| ਬਰਸਾਤ ਵਿਚ | 40 |
| ਅਹਿਸਾਨ ਹੈ | 41 |
| ਪਿਆਰ ਦੇ ਕਾਬਿਲ | 42 |
| ਜਦ ਮਾਰੇ ਪੱਥਰ | 43 |
| ਪਰਦੇਸੀ ਕਹਾਵਾਂਗੇ ਅਸੀਂ | 44 |
| ਆਸਰਾ ਮਿਲਿਆ | 46 |
| ਜੀਣਾ ਪੈ ਰਿਹੈ | 47 |
| ਕਦੇ ਨਾ ਵਰਸਣਗੇ | 48 |
| ਸਾਰੇ ਜਹਾਂ ਅੰਦਰ | 49 |
| ਮੁਸਕਰਾ ਦਿੰਦੈ | 50 |
| ਤੇਰੀ ਕਸਮ | 52 |
| ਬਿਤਾਇਆ ਕਰਨਗੇ | 53 |
| ਕੀ ਸੋਚਕੇ | 54 |
| ਹੀਰ ਜਿਹੀ ਮੁਟਿਆਰ | 55 |
| ਉਦੋਂ ਦਿਨ ਹੋਰ ਹੁੰਦੇ ਸੀ | 56 |
| ਤਾਂ ਚੰਗਾ ਸੀ | 58 |
| ਧੋਖਾ ਖਾ ਲਿਆ | 59 |
| ਉਹਨਾਂ ਦੀ ਕਨਸੋ | 60 |
| ਮਰਦਾ ਰਹਿਨਾ ਵਾਂ | 61 |
| ਅੱਥਰੂ ਰੁਕਦੇ ਨਹੀਂ | 62 |
| ਮੌਸਮ ਆਇਆ ਹੈ | 63 |
| ਨੱਚਣਾ ਪੈਣੈ | 64 |
| ਤੇਰੀ ਕਸਮ ਸਜਣਾ | 65 |
| ਦੁਸ਼ਮਣ ਬਣਾ ਆਇਆਂ | 66 |
| ਬੇਲੀਂ ਰੁਲ਼ਾ ਦਿੰਦੈ | 67 |
| ਟੀ . ਵੀ. ਵੇਖਿਆ | 68 |
| ਕੁਝ ਸ਼ਿਅਰ | 69 |
| ਸੂਲ਼ੀ ਟੰਗਣ ਤੋਂ | 70 |
| ਖ਼ਤਾ ਕਰਦੇ ਰਹੇ | 71 |
| ਚੇਲੇ ਜਾਣ ਛੜੱਪ | 72 |
| ਤੇਰੇ ਬਗ਼ੈਰ | 74 |
| ਸਾਡੀ ਪਸੰਦ ਵੇਖ | 75 |
| ਪਤਾ ਤੈਨੂੰ ਪਤਾ ਮੈਨੂੰ | 76 |
| ਕਿੱਦਾਂ ਮਰੇ ਰੱਬਾ | 78 |
| ਸਭ ਕੁਝ ਗਵਾ ਦਿੱਤਾ | 79 |

ਜ਼ਮਾਨਾ ਬੀਤਿਆ ਉਸਨੂੰ ਮੇਰੇ ਤੋਂ ਵਿੱਛੜੇ, ਫਿਰ ਵੀ,
ਉਹਦੇ ਸਾਹਾਂ ਦੀ ਮਹਿਕ ਆਵੇ ਅਜੇ ਵੀ ਸਿਸਕੀਆਂ ਵਿੱਚੋਂ।

ਜੁਦਾ ਹੋ ਕੇ ਤਾਂ ਸਾਹ ਲੈਣਾ ਵੀ ਹੁਣ ਔਖਾ ਜਿਹਾ ਲੱਗੇ।
ਅਗਰ ਸਾਹ ਵੀ ਲਵਾਂ ਤਾਂ ਦਿਲ ਦਿਆਂ ਜ਼ਖ਼ਮਾਂ ਨੂੰ 'ਵਾ ਲੱਗੇ।

ਬਹਾਰਾਂ, ਰੌਣਕਾਂ, ਹਾਸੇ ਤੇਰੇ ਬਿਨ ਸਭ ਬੁਰਾ ਲੱਗੇ।
ਤੇਰੇ ਬਿਨ ਸਹੁੰ ਤੇਰੀ ਹੁਣ 'ਕੱਲਿਆਂ ਜੀਣਾ ਸਜ਼ਾ ਲੱਗੇ।

ਸਮਝ ਆਉਂਦੀ ਨਹੀਂ ਪਈਆਂ ਦਿਲਾਂ ਵਿਚ ਦੂਰੀਆਂ ਕਿੱਦਾਂ?
ਮੇਰਾ ਵੀ ਦੋਸ਼ ਨਾ ਕੋਈ, ਨਾ ਤੇਰੀ ਹੀ ਖ਼ਤਾ ਲੱਗੇ।

"ਅਜੇ ਜ਼ਿੰਦਾ ਹਾਂ ਮੈਂ, ਹਾਲੇ ਵੀ ਹੈ ਮੈਨੂੰ ਉਡੀਕ ਉਸਦੀ",
ਇਹ ਉਸਨੂੰ ਕਹਿ ਦਿਓ, ਜੇਕਰ ਕਿਤੋਂ ਉਸਦਾ ਪਤਾ ਲੱਗੇ।

ਜਵਾਨੀ ਮਾਣ ਤੂੰ ਖੁਸ਼ ਰਹਿ, ਮੇਰੇ ਦੁਖ ਦੇਣਿਆਂ ਸਜਣਾ!
ਤੇਰੀ ਆਈ ਮਰਾਂ ਮੈਂ, ਤੈਨੂੰ ਨਾ ਤੱਤੀ ਹਵਾ ਲੱਗੇ।

ਜਦੋਂ ਤੂੰ ਕੋਲ਼ ਸੀ ਕਿੰਨਾ ਮਜ਼ਾ ਸੀ ਜੀਣ ਦਾ ਓਦੋਂ,
ਤੇਰੇ ਮਗਰੋਂ ਤਾਂ ਸੱਚੀਂ ਜ਼ਿੰਦਗੀ ਹੁਣ ਬੇਮਜ਼ਾ ਲੱਗੇ।

ਮੇਰੇ ਹਉਕੇ 'ਤੇ ਸੀ ਜਿਸਦਾ ਕਦੇ ਰੋਣਾ ਨਿਕਲ਼ ਜਾਂਦਾ,
ਮੇਰਾ ਅਜ ਤੜਪਣਾ ਓਸੇ ਨੂੰ ਹੀ 'ਨਾਟਕ' ਜਿਹਾ ਲੱਗੇ।

ਤੇਰੀ ਜਾਣੇ ਬਲ਼ਾ ਰੱਬਾ! ਵਿਛੋੜਾ ਕੀ ਬਲ਼ਾ ਹੁੰਦੈ,
ਤੇਰਾ ਵੀ ਵਿੱਛੜੇ ਕੋਈ ਤਾਂ ਫਿਰ ਤੈਨੂੰ ਪਤਾ ਲੱਗੇ।

ਬੇਤਾਲੀ ਹੋ ਰਹੀ ਹੈ ਕੁਝ ਦਿਨਾਂ ਤੋਂ ਤਾਲ ਦਿਲ ਵਾਲ਼ੀ,
ਤੇਰੇ ਬਿਨ ਜ਼ਿੰਦਗੀ ਦਾ ਸਾਜ਼ ਵੀ ਹੁਣ ਬੇ-ਸੁਰਾ ਲੱਗੇ।

ਖ਼ੁਦਾ ਜਾਣੇ ਕਿ ਤੇਰੇ 'ਬੱਲ' ਦਾ ਹੁਣ ਅੰਤ ਕੀ ਹੋਊ,
ਦੁਆ ਵੀ ਕੰਮ ਨਹੀਂ ਕਰਦੀ, ਨਾ ਹੀ ਕੋਈ ਦਵਾ ਲੱਗੇ।

✲

ਸਮਝਦਾਰੀ, ਅਦਾਕਾਰੀ, ਸੁਹੱਪਣ ਵੀ ਕਮਾਲ ਉਸਦਾ,
ਵਫ਼ਾਦਾਰੀ ਬਿਨਾਂ ਨੇ ਸਾਰੀਆਂ ਹੀ ਖ਼ੂਬੀਆਂ ਉਸ ਵਿਚ।

ਮੱਥੇ ਵੀ ਰਗੜੇ ਬੜੇ, ਬਹੁਤ ਵਜਾਏ ਟੱਲ।
ਸੁੱਤੇ ਰੱਬ ਨੇ ਉਠਕੇ, ਸੁਣੀ ਨਾ ਸਾਡੀ ਗੱਲ।

ਅੰਨ੍ਹੇ ਅੱਗੇ ਮੁਜਰਾ, ਬੋਲ਼ੇ ਅੱਗੇ ਗੱਲ।
ਗੂੰਗੇ ਹੱਥ ਸੁਨੇਹੜਾ, ਘੱਲ ਚਾਹੇ ਨ ਘੱਲ।

ਸਾਰੇ ਦੁੱਖ ਮੁਸੀਬਤਾਂ, ਜੀਵਨ ਦਾ ਨੇ ਅੰਗ,
ਜੀਵਨ ਦੇ ਹਰ ਸਿਤਮ ਨੂੰ, ਔਖਾ-ਸੌਖਾ ਝੱਲ।

ਰੋਕੀ ਨਾ ਜੇ ਸਾਕੀਆ! ਤੂੰ ਇਹ ਕਾਣੀ ਵੰਡ,
ਅੱਜ ਨਹੀਂ ਤਾਂ ਕੱਲ੍ਹ ਨੂੰ, ਮੱਚੂਗੀ ਤੜਥੱਲ।

ਜਾਂ ਤਾਂ ਹੱਥੀਂ ਆਪਣੇ, ਮੇਰੀ ਸੰਘੀ ਘੁੱਟ,
ਜਾਂ ਫਿਰ ਅਪਣੇ ਨਾਲ ਤੂੰ, ਲੈ ਕਿਧਰੇ ਤੁਰ ਚੱਲ।

ਰੱਖ ਦਿਲਾ! ਕੁਝ ਹੌਸਲਾ, ਛੱਡੀਦੀ ਨਾ ਆਸ,
ਚੰਗੇ ਦਿਨ ਵੀ ਆਉਣਗੇ, ਅੱਜ ਨਹੀਂ ਤਾਂ ਕੱਲ।

ਹਿਜਰ ਤੇਰੇ ਵਿਚ ਤੜਫਦੇ, ਦਿਲ ਨੂੰ ਆਵੇ ਚੈਨ,
ਦੋ ਪਲ ਬਹਿ ਕੇ ਕੋਲ ਤੂੰ, ਦੇ ਪਲਕਾਂ ਦੀ ਝੱਲ।

ਜੇ ਨੋਟਾਂ ਵਿਚ ਖੇਡਣਾ, ਜੇ ਕਰਨੇ ਨੇ ਐਸ਼,
ਨੇਤਾ ਬਣਜਾ ਜਾਂ ਕਿਤੇ, ਬਹਿ ਜਾ ਡੇਰਾ ਮੱਲ।

ਚੁਪ ਕਰਕੇ ਜੇ ਬਹਿ ਗਿਓਂ, ਹੱਥਾਂ 'ਤੇ ਧਰ ਹੱਥ,
ਤਾਂ ਫਿਰ ਸਾਰੀ ਉਮਰ ਨਾ, ਮਸਲੇ ਹੋਣੇ ਹੱਲ।

ਪੀਰ, ਪਗੰਬਰ, ਔਲੀਏ, ਟਾਲ਼ ਸਕੇ ਨਾ ਮੌਤ,
ਤੂੰ ਮੂਲ਼ੀ ਕਿਸ ਬਾਗ ਦੀ, ਐ ਹਰਜਿੰਦਰ ਬੱਲ!

✲

ਕਿੰਨਾ ਹਾਂ ਤੇਰੇ ਕੋਲ਼ ਤੇ ਕਿੰਨਾ ਹਾਂ ਤੈਥੋਂ ਦੂਰ ਮੈਂ,
ਮੈਨੂੰ ਤਾਂ ਇਹਨਾਂ ਜ਼ਰਬਾਂ ਤੇ ਤਕਸੀਮਾਂ ਨੇ ਹੀ ਖਾ ਲਿਆ।

ਅਗ਼ਰ ਤੂੰ ਬਾ-ਵਫ਼ਾ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।
ਮੈਂ ਤੈਨੂੰ ਪਾ ਲਿਆ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।

ਇਕੱਲਾ ਘਿਰ ਗਿਆ ਹਾਂ ਮੈਂ ਗ਼ਮਾਂ ਦੇ ਝੱਖੜਾਂ ਅੰਦਰ,
ਕਿਸੇ ਦਾ ਆਸਰਾ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।

ਤੇਰੇ ਤੋਂ ਦੂਰ ਹੋ ਕੇ ਕਿਸ ਤਰ੍ਹਾਂ ਮੈਂ ਤੜਪਿਆ ਰੋਇਆ,
ਤੂੰ ਅੱਖੀਂ ਵੇਖਿਆ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।

ਲੁਕਾ ਲੈਂਦੇ ਨੇ ਲੋਕੀਂ ਦਿਲ ਦੀਆਂ ਖ਼ਬਰੇ ਕਿਵੇਂ ਦਿਲ ਵਿਚ,
ਮੈਂ ਰਾਜ਼ ਇਹ ਜਾਣਦਾ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।

ਭਰੋਸਾ ਸੀ ਜਿਨ੍ਹਾਂ 'ਤੇ, ਘਰ ਮੇਰਾ ਓਹੀ ਉਜਾੜਨਗੇ,
ਅਗ਼ਰ ਪਹਿਲਾਂ ਪਤਾ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।

ਡੁਬੋਈ ਨਾਖ਼ੁਦਾ ਬੇੜੀ ਮੇਰੀ, ਹੁਣ ਇਹ ਕਿਵੇਂ ਆਖਾਂ?
"ਜੇ ਕੋਈ ਨਾਖ਼ੁਦਾ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।"

ਤੇਰੇ ਬਿਨ ਮੈਂ ਇਕੱਲਾ ਜ਼ਿੰਦਗੀ ਕਿੱਦਾਂ ਗੁਜ਼ਾਰਾਂਗਾ,
ਤੂੰ ਏਨਾ ਸੋਚਿਆ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।

ਤੂੰ ਮੇਰਾ ਹਮਸਫ਼ਰ ਬਣਦੋਂ, ਅਜੇਹਾ ਹੋ ਨਹੀਂ ਸਕਿਆ,
ਅਜੇਹਾ ਹੋ ਗਿਆ ਹੁੰਦਾ, ਤਾਂ ਆਲਮ ਹੋਰ ਹੋਣਾ ਸੀ।

☆

ਉਹ ਬੈਠੇ ਨੇ ਮੇਰੇ ਹੰਝੂ, ਲੈ ਕੇ ਅਪਣੇ ਨੈਣਾਂ ਵਿਚ,
ਮੈਂ ਸੀਨੇ ਵਿਚ ਉਹਨਾਂ ਦੇ ਸਭ ਦਰਦ ਲੁਕਾਈ ਬੈਠਾ ਆਂ।

ਨਹੀਂ ਡਰ ਮੌਤ ਦਾ ਕੋਈ, ਜੇ ਡਰ ਹੈ ਤਾਂ ਇਹੋ ਡਰ ਹੈ।
ਚੁਫੇਰੇ ਮੱਚਦੇ ਭਾਂਬੜ ਤੇ ਮੇਰਾ ਕੱਖਾਂ ਦਾ ਘਰ ਹੈ।

ਨਹੀਂ ਸ਼ਿਕਵਾ ਕਿ ਮਾਰੂਥਲ ਜਿਹਾ ਮੇਰਾ ਮੁਕੱਦਰ ਹੈ।
ਮੇਰੇ ਦਿਲ ਵਿਚ ਕਿਸੇ ਦੇ ਪਿਆਰ ਦਾ ਡੂੰਘਾ ਸਮੁੰਦਰ ਹੈ।

ਸੀ ਠਿੱਲ੍ਹੇ ਤਾਂ ਇਕੱਠੇ ਪਰ ਤੂੰ 'ਕੱਲਾ ਪੁੱਜਿਐਂ ਕੰਢੇ,
ਤੇਰਾ ਅਪਣਾ ਮੁਕੱਦਰ ਸੀ, ਮੇਰਾ ਅਪਣਾ ਮੁਕੱਦਰ ਹੈ।

ਸਮੁੰਦਰ ਤੋਂ ਵੀ ਡੂੰਘੇ ਹੁੰਦੇ ਨੇ ਦਰਿਆ ਦਿਲਾਂ ਵਾਲ਼ੇ,
ਹੈ ਕੋਰਾ ਝੂਠ ਕਿ ਦਿਲ ਨਾਲ਼ੋਂ ਵੀ ਡੂੰਘਾ ਸਮੁੰਦਰ ਹੈ।

ਕਹੋ ਉਸਨੂੰ ਨਾ ਐਵੇਂ ਰੀਝ ਲਾ ਫੁਲਕਾਰੀਆਂ ਕੱਢੇ,
ਉਦ੍ਹੇ ਹਿੱਸੇ 'ਚ ਤਾਂ ਅਜ ਵੀ ਉਹੀ ਪੀੜਾਂ ਦੀ ਚਾਦਰ ਹੈ।

ਮੈਂ ਘਰ ਨੂੰ ਘਰ ਕਹਾਂ ਕਿੱਦਾਂ? ਇਦ੍ਹੇ ਤੋਂ ਖ਼ੌਫ ਆਉਂਦੈ ਹੁਣ!
ਸੀ ਤੇਰੇ ਨਾਲ ਘਰ ਮੰਦਿਰ, ਤੇਰੇ ਬਾਝੋਂ ਇਹ ਖੰਡਰ ਹੈ।

ਨਾ ਉੱਚੀ ਬੋਲ, ਹੌਲ਼ੀ ਗੱਲ ਕਰ, ਨਾ ਸੁਣ ਲਵੇ ਕੋਈ,
ਤਮਾਸ਼ਾ ਨਾ ਵਿਖਾ, 'ਬੱਲ'! ਇਹ ਮੁਹੱਬਤ ਦਾ ਨਿਰਾਦਰ ਹੈ।

✫

ਜ਼ਹਿਰ ਲਗਦੀ ਹੈ ਤੇਰੇ ਬਾਝੋਂ ਹਵਾ ਇਸ ਸ਼ਹਿਰ ਦੀ,
ਸ਼ਹਿਰ ਤੇਰੇ 'ਚੋਂ ਪਤਾ ਨਹੀਂ ਪਿਆਰ ਹੁਣ ਕਿੱਧਰ ਗਿਆ?

ਜੋ ਹਸਦੇ ਖੇਡਦੇ ਰਾਤੀਂ ਗਏ ਅਪਣੇ ਘਰਾਂ ਵਿੱਚੋਂ।
ਉਹ ਲਾਸ਼ਾਂ ਬਣ ਨਜ਼ਰ ਆਏ ਸਵੇਰੇ ਪਰਚਿਆਂ ਵਿੱਚੋਂ।

ਦਿਲਾਂ ਵਿਚ ਦੂਰੀਆਂ ਕਿਉਂ ਹਨ, ਜੇ ਮੰਜ਼ਿਲ ਇੱਕ ਹੈ ਅਪਣੀ,
ਮਿਟਾਉਂਦੇ ਕਿਉਂ ਨਹੀਂ ਇਹ ਦੂਰੀਆਂ ਆਪਾਂ ਦਿਲਾਂ ਵਿੱਚੋਂ।

ਜੋ ਸੰਗੀਨਾਂ ਦੇ ਸਾਏ ਹੇਠ ਬੱਚੇ ਪਲ਼ ਰਹੇ ਨੇ ਅੱਜ,
ਜ਼ਿਆਦਾ ਬਣਨਗੇ ਕੀ ਕੱਲ੍ਹ ਨੂੰ ਸੋਚੋ ਇਨ੍ਹਾਂ ਵਿੱਚੋਂ।

ਖ਼ੁਦਾ ਜਾਣੇ ਮੇਰੇ ਪੰਜਾਬ ਨੂੰ ਕਿਸਦੀ ਨਜ਼ਰ ਲੱਗੀ,
ਉਤਾਰੇ ਜੋ ਨਜ਼ਰ ਉਹ ਔਲੀਆ ਲੱਭੋ ਜਹਾਂ ਵਿੱਚੋਂ।

ਪਤਾ ਨਈ੍ਹਂ ਜ਼ਿੰਦਗੀ ਵਿਚ ਫਿਰ ਕਦੇ, ਮਿਲੀਏ ਕਿ ਨਾ ਮਿਲੀਏ,
ਵਿਦਾ ਹੋਈਏ ਗ਼ਿਲੇ-ਸ਼ਿਕਵੇ ਮਿਟਾ ਕੇ ਸਭ ਮਨਾਂ ਵਿੱਚੋਂ।

ਕਈ ਚਿਰ ਤੋਂ ਮੇਰਾ ਦਿਲ ਸੋਚਦਾ ਰਹਿੰਦੈ ਇਹੋ ਹਰ ਪਲ,
ਕਿ ਰੌਣਕ ਰੁੱਸਕੇ ਕਿੱਧਰ ਗਈ ਅਪਣੇ ਘਰਾਂ ਵਿੱਚੋਂ।

ਨਾ ਹੀ ਉਹ ਪਿਆਰ ਨਾ ਅਪਣੱਤ ਰਹੀ ਤੇਰੇ ਖ਼ਤਾਂ ਵਿਚ ਹੁਣ,
ਉਹ ਪਹਿਲਾ ਪਿਆਰ ਦੱਸ ਕਿੱਧਰ ਗਿਆ ਤੇਰੇ ਖ਼ਤਾਂ ਵਿੱਚੋਂ।

ਭਰੋਸਾ ਹੈ ਮੇਰਾ ਮੰਜ਼ਿਲ 'ਤੇ ਪਹੁੰਚਾਂਗੇ ਜ਼ਰੂਰ ਇਕ ਦਿਨ,
ਫ਼ਰੇਬੀ ਨਿਕਲਿਆ ਨਾ ਜੇ ਕੋਈ ਵੀ ਰਹਿਬਰਾਂ ਵਿੱਚੋਂ।

ਕਿ ਹੁਣ ਤਾਂ ਲਹਿਲਹਾਉਂਦਾ ਬਾਗ ਬੀਆਬਾਨ ਬਣ ਚੱਲਿਐ,
ਮਗ਼ਰ ਚਿੰਤਾ ਨਹੀਂ ਇਸਦੀ ਕਿਸੇ ਨੂੰ ਮਾਲੀਆਂ ਵਿੱਚੋਂ।

ਮੈਂ ਤੇਰੇ ਨਾਲ ਹਾਂ ਕੰਡਿਆਂ ਭਰੇ ਰਾਹਾਂ ਤੋਂ ਡਰ ਨਾ 'ਬੱਲ'!
ਮੈਂ ਪਲਕਾਂ ਨਾਲ਼ ਸਭ ਕੰਡੇ ਚੁਣਾਂਗਾ ਰਸਤਿਆਂ ਵਿੱਚੋਂ।

✲

ਪਤਾ ਸੀ ਜੇ ਨਹੀਂ ਨਿਭਣੀ, ਤੇਰੀ ਦੋ ਪਲ ਇਨ੍ਹਾਂ ਦੇ ਨਾਲ਼।
ਮੁਹੱਬਤ ਪਾ ਲਈ ਫਿਰ ਕਿਉਂ ਦਿਲਾ! ਪਰਛਾਵਿਆਂ ਦੇ ਨਾਲ।

ਕਰਕੇ ਮੁਹੱਬਤ ਹੋਰ ਨਾ ਆਫ਼ਤ ਉਠਾ ਲਵੀਂ!
ਸਾਰਾ ਜਹਾਂ ਨਾ ਆਪਣਾ ਦੁਸ਼ਮਣ ਬਣਾ ਲਵੀਂ!

ਨਾ ਤੋੜ ਤਕ ਨਿਭਿਆ ਤੇਰਾ ਜੇ ਹਮਸਫ਼ਰ ਕੋਈ,
ਤਾਂ ਮੈਂ ਸਦਾ ਹਾਜ਼ਰ ਹਾਂ, ਤੂੰ ਮੈਨੂੰ ਬੁਲਾ ਲਵੀਂ।

ਮੁੜ ਕੇ ਸੁਹਾਣਾ ਉਹ ਸਫ਼ਰ, ਆਵੇ ਕਦੇ ਜੇ ਯਾਦ,
ਗ਼ਮ ਨਾ ਕਰੀਂ ਦਿਲ 'ਤੇ ਸਗੋਂ ਪੱਥਰ ਟਿਕਾ ਲਵੀਂ।

ਹਾਂ, ਜ਼ਿੰਦਗੀ ਵਿਚ ਉਹ ਕੁੜੀ ਜੇ ਫੇਰ ਮਿਲ ਪਵੇ,
ਤਾਂ ਚਾਕ ਸਾਰੇ ਦਿਲ ਦੇ ਤੂੰ ਉਸਤੋਂ ਸਿਲਾ ਲਵੀਂ।

ਤੂੰ ਜੀ ਲਵੀਂ 'ਬੱਲ'! ਉਸਦੀਆਂ ਯਾਦਾਂ ਦੇ ਆਸਰੇ,
ਕਰ ਬੰਦਗੀ ਉਸਦੀ ਖ਼ੁਦਾ ਉਸਨੂੰ ਬਣਾ ਲਵੀਂ।

☆

ਫਿਰ ਨੈਣਾਂ ਦੀ ਝੱਜਰ ਭਰ ਗਈ, ਫਿਸ ਗਏ ਦਿਲ ਦੇ ਛਾਲੇ ਫੇਰ।
ਦਰਦ ਮੈਂ ਦਿਲ ਦਾ ਇਕ ਵਰਕੇ ਦੇ, ਕਰ 'ਤਾ ਅੱਜ ਹਵਾਲੇ ਫੇਰ।

ਆ ਜਾ! ਇਹ ਦਿਲ ਬੁਲਾਏ, ਐ ਦੂਰ ਜਾਣ ਵਾਲੇ!
'ਕੱਲੇ ਰਿਹਾ ਨਾ ਜਾਏ, ਐ ਦੂਰ ਜਾਣ ਵਾਲੇ!

ਸੋਚਾਂ ਕਿਵੇਂ ਮਿਲਾਂਗੇ, ਮਜਬੂਰ ਹਾਂ ਬੜੇ ਹੀ,
ਵਧ ਗਏ ਬੜੇ ਕਿਰਾਏ, ਐ ਦੂਰ ਜਾਣ ਵਾਲੇ!

ਤੂੰ ਤੋੜਿਆ ਮੇਰਾ ਦਿਲ, ਤਾਂ ਕੀ ਗ਼ਿਲਾ ਕਰਾਂ ਮੈਂ,
ਦਿਲ, ਜਾਨ ਸਭ ਤੇਰਾ ਏ, ਐ ਦੂਰ ਜਾਣ ਵਾਲੇ!

ਜੋ ਨਾਲ ਤੇਰੇ ਗੁਜ਼ਰੇ ਸੀ ਦਿਨ ਸੁਹਾਵਣੇ ਉਹ,
ਕਿੱਦਾਂ ਇਹ ਦਿਲ ਭੁਲਾਏ, ਐ ਦੂਰ ਜਾਣ ਵਾਲੇ ?

ਤੇਰੇ ਬਿਨਾ ਮੈਂ ਜੀਵਨ, ਕਿੱਦਾਂ ਗੁਜ਼ਾਰਿਆ ਹੈ,
ਬਸ ਦਿਲ ਹੀ ਜਾਣਦਾ ਏ, ਐ ਦੂਰ ਜਾਣ ਵਾਲੇ!

ਤੂੰ ਜ਼ਿੰਦਗ਼ੀ ਸੈਂ ਮੇਰੀ, ਤੇਰੇ ਬਗੈਰ ਮੈਂ ਹੁਣ,
ਕਿੱਦਾਂ ਜੀਆਂਗਾ ਹਾਏ! ਐ ਦੂਰ ਜਾਣ ਵਾਲੇ ?

ਤੇਰੇ ਹੀ ਹਿਜਰ ਅੰਦਰ, ਰਿਸ-ਰਿਸ ਕੇ ਜ਼ਖ਼ਮ ਦਿਲ ਦਾ,
ਨਾਸੂਰ ਬਣ ਨਾ ਜਾਏ, ਐ ਦੂਰ ਜਾਣ ਵਾਲੇ!

ਆ ਵੇਖ ਆ ਕੇ ਕਿੱਦਾਂ, ਬੈਠਾ ਹੈ ਤੇਰੇ ਰਾਹੀਂ,
'ਬੱਲ' ਅੱਖੀਆਂ ਵਿਛਾਏ, ਐ ਦੂਰ ਜਾਣ ਵਾਲੇ!

☆

ਸਫ਼ੇ ਦੋ ਇੱਕ ਹੀ ਵਰਕੇ ਦੇ ਹਾਂ, ਏਹੋ ਦੁਖਾਂਤ ਅਪਣਾ,
ਕਦੇ ਮਿਲ਼ ਵੀ ਨਹੀਂ ਸਕਦੇ, ਜੁਦਾ ਵੀ ਹੋ ਨਹੀਂ ਸਕਦੇ।

ਕੀ ਦੱਸਾਂ ਕੀ ਹਾਲਤ ਮੇਰੇ ਦਿਲ ਦੀ ਹੈ?
ਕਈ ਚਿਰ ਤੋਂ ਦਿਲ ਵਿਚ ਇਕ ਰੀਝ ਮਚਲਦੀ ਹੈ।

ਹਰ ਵਾਰੀ ਤੂੰ ਇਹ ਕਹਿ ਕੇ ਟਰਕਾ ਜਾਂਦੈਂ,
"ਫੇਰ ਮਿਲਾਂਗੇ ਅੱਜ ਬੜੀ ਹੀ ਜਲਦੀ ਹੈ।"

ਖ਼ਬਰੇ ਦਿਲ ਵਿਚ ਕੀ ਆਉਂਦੈ, ਦਿਲ ਭਰ ਆਉਂਦਾ,
ਜਦ ਯਾਰਾਂ ਵਿਚ ਤੇਰੀ ਚਰਚਾ ਚਲਦੀ ਹੈ।

ਇਕ ਵਾਰੀ ਆ ਜਾ! ਤੂੰ ਆ ਵੀ ਜਾਹ ਸੱਜਣਾ!!
ਜਿੰਦ ਪਰਾਹੁਣੀ ਬਸ ਹੁਣ ਇਕ-ਦੋ ਪਲ ਦੀ ਹੈ।

ਦੁਸ਼ਮਣ ਯਾਰ ਬਣੇ ਤੇ ਯਾਰ ਬਣੇ ਦੁਸ਼ਮਣ,
ਵੇਖੋ ਕਿਸਮਤ ਕੀ-ਕੀ ਰੰਗ ਬਦਲਦੀ ਹੈ।

ਫੇਰ ਇਕ ਸਹਿਬਾਂ ਨੇ ਮਿਰਜ਼ਾ ਮਰਵਾ ਦਿੱਤਾ,
ਘਰ-ਘਰ ਅੰਦਰ ਏਹੋ ਚਰਚਾ ਚਲਦੀ ਹੈ।

ਆ ਜਾਂਦੀ ਹੈ ਅਜ ਵੀ ਤੇਰੀ ਯਾਦ ਜਦੋਂ,
ਦਿਲ 'ਚੋਂ ਦਰਦਾਂ ਵਿੰਨ੍ਹੀਂ ਚੀਸ ਨਿਕਲਦੀ ਹੈ।

ਕਿੱਧਰ ਗਏ ਜੋ ਕਹਿੰਦੇ ਸੀ, "ਸਾਡੇ ਹੁੰਦੇ,
'ਬੱਲ'! ਭਲਾ ਤੈਨੂੰ ਚਿੰਤਾ ਕਿਸ ਗੱਲ ਦੀ ਹੈ।"

✲

ਜਦੋਂ ਕੁਝ ਵੀ ਨਸੀਬਾਂ ਕੋਲ ਨਾ ਬਚਿਆ ਸਿਤਮ ਬਾਝੋਂ।
ਤਾਂ ਮੇਰੇ ਕੋਲ਼ ਵੀ ਬਚਿਆ ਨਾ ਕੁਝ, ਕਾਗਜ਼-ਕਲਮ ਬਾਝੋਂ।

ਸੁਹਣਿਆ! ਹੋਵੇਂ ਅਗ਼ਰ ਤੂੰ ਪਾਸ ਤਾਂ।
ਮੈਂ ਤੇਰੇ ਤੋਂ ਵਾਰਦਾਂ ਸਾਰਾ ਜਹਾਂ।

ਸੋਚਦਾ ਹਾਂ ਤੈਨੂੰ ਕੀ ਉਪਮਾ ਦਿਆਂ?
ਤੇਰੇ ਸਾਹਵੇਂ ਚੰਨ ਕੀ ਹੈ ਸੁਹਣਿਆਂ!

ਪੱਟਿਐ ਤੈਨੂੰ ਜੇ ਗੀਤਾਂ ਸ਼ਿਵ ਦਿਆਂ।
ਪੱਟਿਐ ਸਾਨੂੰ ਕੰਵਲ ਦੇ ਨਾਵਲਾਂ।

ਤੜਪਦੀ ਮੱਛੀ ਜਿਵੇਂ ਪਾਣੀ ਬਿਨਾਂ।
ਇਸ ਤਰ੍ਹਾਂ ਮੈਂ ਤੜਪਦਾਂ ਤੇਰੇ ਬਿਨਾਂ।

ਛੋਹ ਤੇਰੀ ਨੂੰ ਤਰਸਦਾ ਮੈਂ ਮਰ ਗਿਆਂ।
ਕੀ ਮਿਲੂ ਮੇਰੀ ਮੜ੍ਹੀ ਹੁਣ ਪੂਜਿਆਂ।

ਤੋੜ ਦੇ ਬੇਸ਼ੱਕ ਮੇਰਾ ਦਿਲ ਸੁਹਣਿਆਂ।
ਸੌਰਦੈ ਜੇ ਕੁਝ ਤੇਰਾ ਦਿਲ ਤੋੜਿਆਂ।

ਜੇ ਕਿਤੇ ਮੇਰਾ ਬਣੇ ਤੂੰ 'ਬੱਲ' ਤਾਂ।
ਮੈਂ ਜ਼ਮਾਨੇ ਭਰ ਨੂੰ ਠੋਕ੍ਰ ਮਾਰਦਾਂ।

☆

ਅੱਗ ਸੀਨੇ ਵਿਚ ਭਰੀ ਹੋਵੇ ਤਾਂ ਹੋ ਜਾਂਦੈ ਕਮਾਲ,
ਅੱਗ ਵਿਚ ਸੜ ਕੇ ਸਵਾਹ ਹੋਣਾ ਸਮਝਦਾਰੀ ਨਹੀਂ।

ਅਗ਼ਰ ਨਾ ਉੱਠਦਾ ਕੋਈ ਵੀ 'ਮੀਰਾਂਕੋਟੀਆ' ਬਣ ਕੇ।
ਤਾਂ ਰਹਿ ਜਾਂਦੇ ਅਸੀਂ ਸਭ ਕੌਮ ਲਈ ਧੱਬਾ ਜਿਹਾ ਬਣ ਕੇ।

ਡੁਬੋਈ ਹੈ ਜਿਨ੍ਹੇ ਬੇੜੀ ਸਦਾ ਮੰਝਧਾਰ ਵਿਚ ਸਭ ਦੀ,
ਖ਼ੁਦਾਇਆ ਖ਼ੈਰ ਹੀ ਰੱਖੀਂ, ਉਹ ਆਇਐ ਨਾਖ਼ੁਦਾ ਬਣ ਕੇ।

ਉਹੀ ਅਜ ਕਰ ਗਏ ਬਰਬਾਦ ਸਾਡੀ ਜ਼ਿੰਦਗ਼ੀ ਵੇਖੋ!
ਰਹੇ ਜੋ ਜ਼ਿੰਦਗ਼ੀ ਭਰ ਜ਼ਿੰਦਗ਼ੀ ਦਾ ਆਸਰਾ ਬਣ ਕੇ।

ਭਲਾਈ ਭਾਲ਼ਦੇ ਹੋ ਤੇ ਭਲਾ ਉਹ ਵੀ ਸਿਆਸਤ 'ਚੋਂ?
ਸਿਆਸਤ ਵਿੱਚ ਜੀ ਸਕਦੈ ਭਲਾ, ਕਿਹੜਾ ਭਲਾ ਬਣ ਕੇ?

ਨਹੀਂ ਸੁਣਦਾ ਕਿਸੇ ਦੀ ਤੂੰ, ਹਕੂਮਤ ਦਾ ਨਸ਼ੈ ਤੈਨੂੰ,
ਲੈ ਜਾਣੈਂ ਇਸ ਨਸ਼ੇ ਤੈਨੂੰ, ਫਰਿਸ਼ਤਾ ਮੌਤ ਦਾ ਬਣ ਕੇ।

ਤੁਸੀਂ ਟਿਕਣਾ ਨਹੀਂ ਪਲ ਵੀ, ਅਸੀਂ ਜਦ ਹੱਕ ਦੀ ਖਾਤਰ,
ਸਿਰਾਂ 'ਤੇ ਬੰਨ੍ਹਕੇ ਕੱਫਣ ਤੁਰੇ ਇਕ ਕਾਫ਼ਿਲਾ ਬਣ ਕੇ।

ਕੀ ਦੱਸਾਂ ਦਿਲ ਨੂੰ ਕੀ ਹੋਇਆ, ਕੀ ਦੱਸਾਂ ਦਿਲ 'ਤੇ ਕੀ ਬੀਤੀ?
ਜਦੋਂ ਅਜ ਪੇਸ਼ ਆਇਆ 'ਬੱਲ' ਵੀ ਦੁਸ਼ਮਣ ਜਿਹਾ ਬਣ ਕੇ।

✡

ਜਦੋਂ ਮੈਂ ਹੱਸਦਾਂ ਤਾਂ ਚੀਸ ਕਿਉਂ ਉਠਦੀ ਹੈ ਸੀਨੇ 'ਚੋਂ?
ਸਮਝ ਆਉਂਦੀ ਨਹੀਂ ਮੈਨੂੰ, ਕੋਈ ਦੱਸੋ ਵਜ੍ਹਾ ਇਸਦੀ।

ਦਿਲਾ! ਤੂੰ ਸਮਝਿਆ ਜਿਸਨੂੰ ਖ਼ੁਦਾ ਸੀ।
ਕਰੂ ਉਹ ਵੀ ਦਗ਼ਾ ਇਹ ਕੀ ਪਤਾ ਸੀ।

ਕਦਮ ਜਦ ਇਸ਼ਕ ਵਿਚ ਮੈਂ ਰੱਖਿਆ ਸੀ।
ਉਦੋਂ ਹੀ ਸਿਰ ਤਲੀ 'ਤੇ ਧਰ ਲਿਆ ਸੀ।

ਹਾਂ, ਛੋਟੀ ਉਮਰ ਵਿਚ ਹੀ ਦਿਲ ਲਗਾ ਕੇ,
ਇਹੋ ਅੰਜਾਮ ਹੋਵੇਗਾ ਪਤਾ ਸੀ।

ਜ਼ਫ਼ਾ ਕਰਕੇ ਕਿਹਾ ਉਸ ਮੁਸਕੁਰਾ ਕੇ,
"ਕਰਾਂਗਾ ਮੈਂ ਵਫ਼ਾ, ਕਿਸਨੇ ਕਿਹਾ ਸੀ?"

ਖ਼ਫ਼ਾ ਹੋ ਕੇ ਉਹ ਜ਼ਾਲਮ ਤੁਰ ਗਿਆ ਹੈ,
ਖ਼ੁਦਾ ਜਾਣੇ ਕਿ ਮੇਰੀ ਕੀ ਖ਼ਤਾ ਸੀ।

"ਨਿਭਾਵਾਂਗਾ ਜਦੋਂ ਤੱਕ ਜ਼ਿੰਦਗੀ ਹੈ"
ਕੀ ਤੈਨੂੰ ਯਾਦ ਹੈ ਕਿਸਨੇ ਕਿਹਾ ਸੀ?

☆

ਉਨ੍ਹਾਂ ਨੇ ਮੁਸਕਰਾ ਕੇ ਜਦ ਹਥੇਲੀ ਚੁੰਮ ਲਈ ਮੇਰੀ,
ਉਸੇ ਵੇਲੇ ਮੇਰੇ ਹੱਥਾਂ ਦੀਆਂ ਰੇਖਾ ਬਦਲ ਗਈਆਂ।

ਨਾ ਐਂਵੇਂ ਲੁੱਡੀਆਂ ਪਾਓ, ਅਜੇ ਮਰਿਆ ਨਹੀਂ ਹਾਂ ਮੈਂ।
ਖ਼ੁਦਾ ਦਾ ਖ਼ੌਫ ਕੁਝ ਖਾਓ, ਅਜੇ ਮਰਿਆ ਨਹੀਂ ਹਾਂ ਮੈਂ।

ਸਿਤਮ ਕੁਝ ਹੋਰ ਢਾਹ ਜਾਓ, ਅਜੇ ਮਰਿਆ ਨਹੀਂ ਹਾਂ ਮੈਂ।
ਕਿ ਹਾਲੇ ਹੋਰ ਤੜਪਾਓ, ਅਜੇ ਮਰਿਆ ਨਹੀਂ ਹਾਂ ਮੈਂ।

ਤੁਸਾਂ ਲਈ ਤੋੜ ਸਕਦਾਂ ਮੈਂ ਅਜੇ ਵੀ ਅੰਬਰੋਂ ਤਾਰੇ,
ਤੁਸੀਂ ਇਕ ਵਾਰ ਫਰਮਾਓ, ਅਜੇ ਮਰਿਆ ਨਹੀਂ ਹਾਂ ਮੈਂ।

ਮੇਰੇ 'ਤੇ ਜ਼ੁਲਮ ਕਰਨਾ ਜੇ ਕੋਈ ਹਾਲੇ ਵੀ ਬਾਕੀ ਹੈ,
ਉਹ ਵੀ ਜੀਅ ਸਦਕੇ ਕਰ ਜਾਓ, ਅਜੇ ਮਰਿਆ ਨਹੀਂ ਹਾਂ ਮੈਂ।

ਤੁਸੀਂ ਚਾਹੁੰਦੇ ਹੋ ਅਜ਼ਮਾਉਣੀ ਵਫ਼ਾ ਮੇਰੀ ਅਜੇ ਵੀ ਤਾਂ,
ਜਿਵੇਂ ਜੀਅ ਚਾਹੇ ਅਜ਼ਮਾਓ, ਅਜੇ ਮਰਿਆ ਨਹੀਂ ਹਾਂ ਮੈਂ।

☆

'ਜੁਦਾਈ ਸਹਿ ਲਵਾਂਗੇ ਹੱਸਕੇ' – ਕਹਿ ਤਾਂ ਲਿਆ ਐਪਰ,
ਤੇਰੀ ਸਹੁੰ ਰੱਜਕੇ ਰੋਏ ਅਸੀਂ ਤੈਨੂੰ ਵਿਦਾ ਕਰਕੇ।

ਆਵੇ ਤੇਰੀ ਫਿਰ ਯਾਦ ਨੀਰ ਅੱਖਾਂ ’ਚੋਂ ਛਮ-ਛਮ ਚੱਲਦਾ।
ਮਿਲਦੈ ਜਦੋਂ ਅਜ ਵੀ ਕੋਈ ਤੇਰੇ ਗ਼ਰਾਂ ਦੇ ਵੱਲ ਦਾ।

ਜਾਣੇ ਖ਼ੁਦਾ ਤੂੰ ਕਿਸ ਜਗ੍ਹਾ ਡੇਰਾ ਲਗਾ ਕੇ ਬਹਿ ਗਿਐਂ,
ਰਾਜ਼ੀ-ਖ਼ੁਸ਼ੀ ਵੀ ਆਪਣੀ ਹੁਣ ਨਹੀਂ ਕਦੇ ਤੂੰ ਘੱਲਦਾ।

ਹਫਤੇ ਮਹੀਨੇ ਸਾਲ ਬਣ-ਬਣ ਬੀਤ ਗਏ ਬੱਤੀ ਵਰ੍ਹੇ,
ਤੂੰ ਤਾਂ ਗਿਆ ਸੀ ਯਾਦ ਹੈ ਲਾਰਾ ਲਗਾ ਕੇ ਕੱਲ੍ਹ ਦਾ?

ਉਹ ਮਰ ਗਿਆ ਹੋਇਆ ਤੇਰਾ, ਤੂੰ ਸਾਰ ਨਾ ਪੁੱਛੀ ਕਦੇ,
ਮੱਥੇ ਤੇਰੇ ’ਤੇ ਜੋ ਪਸੀਨਾ ਵੀ ਨਹੀਂ ਸੀ ਝੱਲਦਾ।

ਜਦ ਵੀ ਕਦੇ ਤੂੰ ਲੰਘ ਜਾਵੇਂ ਕੋਲ਼ ਦੀ ਮੂੰਹ ਵੱਟਕੇ,
ਤੇਰਾ ਵਤੀਰਾ ਰੱਬ ਦੀ ਸਹੁੰ ਦਿਲ ਮੇਰੇ ਨੂੰ ਸੱਲਦਾ।

ਦਿਲ ਤਾਂ ਕਰੇ ਕਿ ਉੱਡਕੇ ਆਜਾਂ ਮੈਂ ਤੇਰੇ ਕੋਲ਼ ਪਰ,
ਮਜਬੂਰੀਆਂ ਲੱਖਾਂ ਹੀ ਨੇ ਚਾਰਾ ਕੋਈ ਨਾ ਚੱਲਦਾ।

ਸੁਣਿਐਂ ਅਸੀਂ ਕਿ ‘ਬੱਲ’ ਤੇਰਾ ਰਾਤ ਸੁੱਤਾ ਸੌਂ ਗਿਐ,
ਕਹਿੰਦੇ ਨੇ ਤੇਰੇ ਨਾਲ ਹੀ ਉਹ ਰੁੱਸਿਆ ਸੀ ਕੱਲ੍ਹ ਦਾ।

☆

ਭੇਜੇ ਕੋਈ ਤਾਂ ਹੀ ਮਿਲੇ, ਨਾ ਡਾਕੀਏ ’ਤੇ ਕਰ ਗਿਲਾ,
ਲਿਖਦਾ ਨਹੀਂ ਜਦ ਖ਼ਤ ਕੋਈ ਤਾਂ ਡਾਕੀਆ ਵੀ ਕੀ ਕਰੇ?

ਖ਼ੁਸ਼ੀ ਮਿਲਦੀ ਹੈ ਤੈਨੂੰ ਜੇ ਮੇਰਾ ਦਿਲ ਤੋੜ ਕੇ ਯਾਰਾ!
ਤਾਂ ਹੈ ਤੇਰੀ ਅਮਾਨਤ ਤੋੜ ਜੀ ਸਦਕੇ ਮੇਰੇ ਯਾਰਾ!

ਗਏ ਐਸੇ ਉਹ ਜ਼ਾਲਮ ਕਿ ਅਜੇ ਤੱਕ ਵੀ ਨਹੀਂ ਪਰਤੇ,
ਉਹ ਕਿਹੜੇ ਅੰਬਰੀਂ ਖ਼ਬਰੇ ਉਡਾਰੀ ਲਾ ਗਏ ਯਾਰਾ!

ਤੂੰ ਬਣ ਕੇ ਆਪਣਾ ਜੋ ਜੋ ਮੇਰੇ 'ਤੇ ਜ਼ੁਲਮ ਕੀਤੇ ਨੇ,
ਅਜੇਹੇ ਜ਼ੁਲਮ ਤਾਂ ਦੁਸ਼ਮਣ ਵੀ ਨਈਂ ਕਰਦੇ ਕਦੇ ਯਾਰਾ!

ਤੂੰ ਭੁੱਖਾ ਰਹਿ, ਤਿਹਾਇਆ ਰਹਿ, ਕਿਸੇ ਨਈਂ ਪੁੱਛਣਾ ਤੈਨੂੰ,
ਅਸੂਲ ਇਸ ਮੈਅਕਦੇ ਦੇ, ਮੁੱਢ ਤੋਂ ਹੀ ਚੰਦਰੇ ਯਾਰਾ!

ਤੇਰੀ ਤਾਰੀਫ਼ ਕਰਦਾ ਮੈਂ ਕਿਤੇ ਹੁੰਦਾ ਕਵੀ ਜੇਕਰ,
ਰੁਬਾਈ ਜਾਂ ਗ਼ਜ਼ਲ ਕਹਿੰਦਾ ਮੈਂ ਤੇਰੇ ਹੁਸਨ 'ਤੇ ਯਾਰਾ!

ਕਸਮ ਖਾ ਕੇ ਵਫ਼ਾ ਦੀ ਜੋ, ਜ਼ਫ਼ਾ ਕਰਦੇ ਨੇ ਦੁਨੀਆ ਵਿਚ,
ਇਕੱਲਾ ਤੂੰ ਨਹੀਂ, ਵੇਖੇ ਮੈਂ ਪਹਿਲਾਂ ਵੀ ਬੜੇ ਯਾਰਾ!

ਅਗ਼ਰ ਤੂੰ ਹੱਕ ਚਾਹੁੰਦਾ ਹੈਂ, ਤਾਂ ਆ ਦੱਸਾਂ ਤਰੀਕਾ ਮੈਂ,
ਜਿਵੇਂ ਤੂੰ ਮੰਗਦੈਂ, ਹੱਕ ਇੰਜ ਨਈਂ ਮਿਲਦੇ ਕਦੇ ਯਾਰਾ!

ਇਹ ਤੇਰੇ ਹਿਜਰ ਹੀ ਵਿਚ ਜ਼ਖ਼ਮ ਜੋ ਨਾਸੂਰ ਬਣ ਚੱਲੇ,
ਮਿਲੇ ਫੁਰਸਤ ਕਦੇ ਤਾਂ ਵੇਖ ਜਾਵੀਂ ਆਣਕੇ ਯਾਰਾ!

ਕਿਵੇਂ ਦੱਸਾਂ ਮੇਰਾ ਦਿਲ ਹੋ ਗਿਆ ਤਦ ਛਾਨਣੀ ਕਿੱਦਾਂ?
ਨਾ ਜਦ ਉਹ ਘਰ ਗਿਆਂ ਦੇ ਨਾਲ ਵੀ ਬੋਲੇ ਮੇਰੇ ਯਾਰਾ!

ਮੁਹੱਬਤ ਨਾ ਕਰੀਂ ਵੇਖੀਂ ਦਿਲਾ! ਨਾ ਮਾਰਿਆ ਜਾਵੀਂ,
ਮੁਹੱਬਤ ਹੈ ਜਿਨ੍ਹਾਂ ਕੀਤੀ, ਉਹ ਜੀਂਦੇ ਜੀਅ ਮਰੇ ਯਾਰਾ!

☆

ਮਿਲਾਊ ਆਪਾਂ ਨੂੰ ਕਿਸਮਤ ਕਿਸੇ ਰੰਗੀਨ ਮੋੜ ਉੱਤੇ,
ਮੇਰਾ ਦਾਅਵਾ ਨਹੀਂ ਸੌ ਫੀਸਦੀ ਵਿਸ਼ਵਾਸ ਹੈ ਮੈਨੂੰ।

ਕੀ ਯਾਦ ਹੈ ਇਕਰਾਰ ਸੀ ਤੇਰਾ ਬਹਾਰ ਦਾ ?
ਆ ਜਾ ਕਿ ਮੌਸਮ ਆ ਗਿਐ ਤੇਰੇ 'ਕਰਾਰ ਦਾ।

ਮੈਂ ਸੋਚਦਾ ਸਾਂ ਮਿਲਣਗੇ ਆਉਂਦੇ ਹੀ ਉਹ ਗਲ਼ੇ,
ਅਫਸੋਸ! ਕਿ ਮੈਂ ਰਹਿ ਗਿਆ ਬਾਹਾਂ ਖਿਲਾਰਦਾ।

ਜੇ ਮਾਰਨਾ ਸੀ ਮਾਰਦੋਂ ਕੋਈ ਹੁਸੀਨ ਮੌਤ,
ਰੱਬਾ! ਅਜੇਹੀ ਤਾਂ ਬੁਰੀ ਮੌਤੇ ਨਾ ਮਾਰਦਾ।

ਅਪਣਾ ਬਣਾ ਕੇ ਤੂੰ ਅਗ਼ਰ ਨਜ਼ਰਾਂ ਨਾ ਫੇਰਦੋਂ,
ਮੈਂ ਜਿੱਤਕੇ ਵੀ ਇਸ ਤਰ੍ਹਾਂ ਬਾਜ਼ੀ ਨਾ ਹਾਰਦਾ।

ਪਹਿਲਾਂ ਖ਼ਬਰ ਹੁੰਦੀ ਜੇ ਇਹ ਹੋਣੇ ਨੇ ਚੂਰੋ-ਚੂਰ,
ਨਾ ਸੁਪਨਿਆਂ ਦੇ ਮਹਿਲ ਦਿਲ ਭੁਲਕੇ ਉਸਾਰਦਾ।

ਮੈਂ ਤੜਪ ਕੇ ਤੇਰੇ ਬਿਨਾ ਮਰਨਾ ਹੀ ਸੀ ਅਖ਼ੀਰ
'ਕੱਲਾ ਭਲਾ ਮੈਂ ਜ਼ਿੰਦਗੀ ਕਿੱਦਾਂ ਗੁਜ਼ਾਰਦਾ ?

ਕੰਡੇ ਚੁਣੇ ਮੈਂ ਜਿਸ ਦਿਆਂ ਰਾਹਾਂ 'ਚੋਂ ਪਲਕਾਂ ਨਾਲ,
ਮੇਰੇ ਹੀ ਰਾਹੀਂ ਉਹ ਰਿਹਾ ਕੰਡੇ ਖਿਲਾਰਦਾ।

✲

ਅਜੇਹੀ ਗੀਤਕਾਰੀ ਫੂਕਣੀ ਹੈ ਮੈਂ ਭਲਾ ਦੱਸੋ?
ਦਵਾਈ ਵਾਸਤੇ ਵੀ ਜੇਬ ਵਿਚ ਪੈਸੇ ਨਹੀਂ ਹੁੰਦੇ।

ਨਾ ਤੇਰੇ ਕੋਲ਼ ਆ ਹੋਇਆ, ਨਾ ਤੈਥੋਂ ਦੂਰ ਜਾ ਹੋਇਆ।
ਮੇਰੇ ਤੋਂ ਆਖ਼ਿਰੀ ਦਮ ਤਕ ਨਾ ਤੇਰਾ ਭੇਦ ਪਾ ਹੋਇਆ।

ਮੈਂ ਤਾਂ ਇਹ ਸੋਚਦਾ ਸਾਂ ਉਹ ਮੇਰੇ ਬਿਨ ਜੀਅ ਨਹੀਂ ਸਕਦੇ,
ਚਲੋ ਇਹ ਵੀ ਭਰਮ ਟੁੱਟਾ, ਭਲਾ ਹੋਇਆ, ਖ਼ਰਾ ਹੋਇਆ।

ਸਦਾ ਜੋ ਮੇਰੀ ਆਈ ਮਰਨ ਦੇ ਕਰਦੇ ਰਹੇ ਦਾਅਵੇ,
ਉਨ੍ਹਾਂ ਤੋਂ ਨਾਲ਼ ਅਰਥੀ ਦੇ ਨਾ ਕਬਰਾਂ ਤੀਕ ਜਾ ਹੋਇਆ।

ਅੜੀ ਮੈਂ ਵੀ ਨਹੀਂ ਛੱਡੀ, ਅੜੀ ਤੂੰ ਵੀ ਨਹੀਂ ਛੱਡੀ,
ਖ਼ੁਦਾ ਹੀ ਜਾਣਦੈ ਅੜੀਏ! ਕਿਵੇਂ ਅਪਣਾ ਨਿਭਾ ਹੋਇਆ।

ਪਲਾਂ ਵਿਚ ਵੇਖਦੇ ਹੀ ਬਣ ਗਈਆਂ ਖੰਭਾਂ ਦੀਆਂ ਡਾਰਾਂ,
ਭਲਾ ਕੱਖਾਂ ਦੇ ਹੇਠਾਂ ਵੀ ਕਦੀ ਭਾਂਬੜ ਲੁਕਾ ਹੋਇਆ ?

ਪਤਾ ਸੀ ਕਿ ਮਸ਼ਾਲਾਂ ਲੈ ਚੁਫੇਰੇ ਘੁੰਮਦੇ ਦੁਸ਼ਮਣ,
ਸੁਆਹ ਹੋਣੋਂ ਨਾ ਅਪਣਾ ਆਲ੍ਹਣਾ ਫਿਰ ਵੀ ਬਚਾ ਹੋਇਆ।

ਜੇ 'ਕੱਲਾ ਰਹਿ ਗਿਐਂ ਨਾ ਡੋਲ, ਇਹ ਹੋਣਾ ਹੀ ਸੀ ਐ 'ਬੱਲ'!
ਕਦੇ ਮਹਿਲਾਂ ਦਾ ਕੁੱਲੀ ਨਾਲ ਵੀ ਅਜ ਤਕ ਨਿਭਾ ਹੋਇਆ ?

☆

ਸਮਾਂ ਆਉਂਦੈ ਜ਼ਰੂਰ ਇਕ ਦਿਨ, ਉਹ ਭਾਵੇਂ ਦੇਰ ਨਾਲ ਆਵੇ,
ਹਕੀਕਤ ਖੁਲ੍ਹ ਜਾਂਦੀ ਹੈ, ਮਖੌਟੇ ਲੱਥ ਜਾਂਦੇ ਨੇ।

ਕੀ ਕਹਿੰਦੀ ਸੀ ਕਲ੍ਹ ਸੁਰਖੀ ਅਖ਼ਬਾਰਾਂ ਦੀ?
ਸੰਪਾਦਕ ਹਨ ਕਠਪੁਤਲੀ ਸਰਕਾਰਾਂ ਦੀ!

ਨੇਤਾ ਕਹਿੰਦੇ-"ਸਭ ਦੀ ਭੁੱਖ ਮਿਟੇਗੀ ਪਰ,
ਪਹਿਲਾਂ ਸਾਡੇ ਅਪਣੇ ਰਿਸ਼ਤੇਦਾਰਾਂ ਦੀ।"

ਪੈਰ ਤੁਹਾਡੇ ਚੁੰਮੇਗੀ, ਫਿਰ ਮੰਜ਼ਿਲ ਖ਼ੁਦ,
ਪਹਿਲਾਂ ਅਲਖ਼ ਮੁਕਾਓ ਜੇ ਰਾਹ-ਮਾਰਾਂ ਦੀ।

ਭੇਸ ਵਟਾ ਕੇ ਗੱਦੀ 'ਤੇ ਆ ਬਹਿੰਦੀ ਹੈ,
ਮੁੜ-ਮੁੜ ਓਹੀ ਟੋਲੀ ਸ਼ਾਹੂਕਾਰਾਂ ਦੀ।

ਦਿਲ ਵਿਚ ਬਲ਼ਦੇ ਭਾਂਬੜ ਏਦਾਂ ਛਿਪਦੇ ਨਹੀਂ,
ਜਿੱਦਾਂ ਛਿਪਦੀ ਮਹਿਕ ਨਹੀਂ ਗੁਲਜ਼ਾਰਾਂ ਦੀ।

ਸੂਰੇ ਓਦੋਂ ਪਰਖੇ ਜਾਣ ਜਦੋਂ ਹੋਵੇ,
ਉਹਨਾਂ ਦੇ ਸਿਰ ਉੱਤੇ ਛਾਂ ਤਲਵਾਰਾਂ ਦੀ।

ਆਓ! ਪਹਿਲਾਂ ਮਿਲ ਕੇ ਮੁਸ਼ਕਿਲ ਹਲ ਕਰੀਏ,
ਭੁੱਖੇ ਤੇ ਤਨ ਤੋਂ ਨੰਗੇ ਪਰਿਵਾਰਾਂ ਦੀ।

'ਸੋਨ-ਚਿੜੀ' ਸੀ ਦੇਸ਼ ਮੇਰਾ ਤੇ ਹੁਣ ਵੀ ਹੈ,
ਮਾਲਕ ਹੈ ਐਪਰ ਟੋਲੀ ਜ਼ਰਦਾਰਾਂ ਦੀ।

ਮਸਲੇ ਹਲ ਹੁੰਦੇ ਨਹੀਂ ਗੱਲਾਂ ਨਾਲ ਜਦੋਂ,
ਪੈ ਜਾਂਦੀ ਹੈ ਲੋੜ ਉਦੋਂ ਤਲਵਾਰਾਂ ਦੀ।

☆

ਫਿਰ ਅਚਾਨਕ ਯਾਰ ਮੇਰੇ, ਆ ਗਏ ਬਣਕੇ ਮਲਾਹ,
ਜ਼ਿੰਦਗੀ ਅਜ ਫਿਰ ਨਵੀਂ ਇਕ ਚਾਲ ਖੇਡਣ ਆ ਗਈ।

ਜ਼ਾਲਮ ਨੇ ਸੂਲ਼ੀ 'ਤੇ ਟੰਗੇ ਫੁੱਲ ਜਦੋਂ।
ਡੋਲ ਗਿਆ ਉਹ ਖ਼ੁਦ ਨਾ ਡੋਲੇ ਫੁੱਲ ਜਦੋਂ।

ਮੈਂ ਕਿੱਦਾਂ ਨਾ ਮੰਨਾਂ? ਇਹ ਆਜ਼ਾਦੀ ਹੈ!
ਵੇਖਾਂ ਰੋਟੀ ਖ਼ਾਤਿਰ ਵਿਕਦੇ ਫੁੱਲ ਜਦੋਂ।

ਇਹਨਾਂ ਅੱਗੇ ਫੇਰ ਕੋਈ ਵੀ ਅਟਕੂ ਨਾ,
ਝੱਖੜ ਬਣਕੇ ਝੁੱਲੇ ਸਾਰੇ ਫੁੱਲ ਜਦੋਂ।

ਉਸ ਵੇਲੇ ਕਾਤਿਲ ਦਾ ਖ਼ੂਨ ਵੀ ਜੰਮ ਗਿਆ,
ਮਕਤਲ ਦੇ ਵਿਚ ਆ ਕੇ ਗੱਜੇ ਫੁੱਲ ਜਦੋਂ।

ਖ਼ਬਰੇ ਕਿੱਥੋਂ ਭੌਰ ਅਨੇਕਾਂ ਆ ਜਾਂਦੇ,
ਜੋਬਨ ਰੁੱਤੇ ਮਹਿਕ ਖਿਲਾਰੇ ਫੁੱਲ ਜਦੋਂ।

ਮੇਰੇ ਦਿਲ 'ਤੇ ਕੇਰਾਂ ਪਰਬਤ ਡਿੱਗ ਪਵੇ,
ਵੇਖਾਂ ਸੜਕਾਂ ਕੰਢੇ ਰੁਲ਼ਦੇ ਫੁੱਲ ਜਦੋਂ।

ਏਦਾਂ ਲੱਗਦੈ ਚੱਲਣ ਜਿੱਦਾਂ ਫੁਲਝੜੀਆਂ,
ਮਸਤੀ ਵਿਚ ਆ ਕੇ ਮੁਸਕਾਂਦੇ ਫੁੱਲ ਜਦੋਂ।

ਉਸ ਵੇਲ਼ੇ ਦਿਲ ਹਉਕਾ ਭਰਕੇ ਰਹਿ ਜਾਂਦੈ,
ਲੰਘਣ ਕੋਲੋਂ ਚੁੱਪ-ਚੁਪੀਤੇ ਫੁੱਲ ਜਦੋਂ।

☆

ਜ਼ਿੰਦਗੀ ਨੂੰ ਜ਼ਿੰਦਗੀ ਦੇ ਅਰਥ ਸਾਂ ਸਮਝਾ ਰਿਹਾ।
ਕਿ ਅਚਾਨਕ ਜ਼ਿੰਦਗੀ ਦੇ ਹਾਸ਼ੀਏ 'ਤੇ ਆ ਗਿਆ।

ਯਾਦ ਜਦੋਂ ਉਹ ਆਏ, ਸ਼ਹਿਰ ਜਲੰਧਰ ਵਿਚ।
ਦਿਲ 'ਕੱਲਾ ਘਬਰਾਏ, ਸ਼ਹਿਰ ਜਲੰਧਰ ਵਿਚ।

ਏਦਾਂ ਜ਼ੁਲਮ ਨਾ ਕਰ, ਤੂੰ ਹੀ ਦਸ ਤੇਰੇ ਬਿਨ,
ਹੋਰ ਮੇਰਾ ਕਿਹੜਾ ਏ, ਸ਼ਹਿਰ ਜਲੰਧਰ ਵਿਚ?

ਓਹੀ ਮੇਰੇ ਦਿਲ ਦੇ ਜ਼ਖ਼ਮ ਉਚੇੜ ਗਿਆ,
ਜਿਸਨੂੰ ਜ਼ਖ਼ਮ ਵਿਖਾਏ, ਸ਼ਹਿਰ ਜਲੰਧਰ ਵਿਚ।

ਮਤਲਬ ਕਢਕੇ ਯਾਰ ਉਡਾਰੀ ਮਾਰ ਗਏ,
ਫੇਰ ਨਜ਼ਰ ਨਾ ਆਏ, ਸ਼ਹਿਰ ਜਲੰਧਰ ਵਿਚ।

ਵੇਖੋ! ਮੇਰੀ ਰੁੜ੍ਹ-ਪੁੜ ਜਾਣੀ ਕਿਸਮਤ ਨੇ,
ਕੀ-ਕੀ ਰੰਗ ਵਿਖਾਏ, ਸ਼ਹਿਰ ਜਲੰਧਰ ਵਿਚ।

ਦਿਲ 'ਤੇ ਪੱਥਰ ਧਰ ਲੈਂਦਾ ਹਾਂ ਮੈਂ, ਜਦ ਵੀ-
ਤੇਰੀ ਯਾਦ ਸਤਾਏ, ਸ਼ਹਿਰ ਜਲੰਧਰ ਵਿਚ।

ਕੌਣ ਉਸਨੂੰ ਦੱਸੇ ਕਿ 'ਬੱਲ' ਤੇਰੇ ਦਾ ਹੁਣ,
ਜੀਅ ਨਈਂ ਲਗਦਾ ਹਾਏ, ਸ਼ਹਿਰ ਜਲੰਧਰ ਵਿਚ।

☆

ਬੜਾ ਮਜਬੂਰ ਹਾਂ ਮੈਂ, ਝੂਠ ਵੀ ਨਾ ਬੋਲਿਆ ਜਾਵੇ,
ਮਗ਼ਰ ਜੇ ਸੱਚ ਬੋਲਾਂ ਤਾਂ ਕੋਈ ਰਿਸ਼ਤਾ ਨਹੀਂ ਬਚਦਾ।

ਕਹਿਰ ਕਿੰਨਾ ਕਮਾ ਗਿਆ ਕੋਈ।
ਦਿਲ ਚੁਰਾ ਕੇ ਚਲਾ ਗਿਆ ਕੋਈ।

ਹਾਏ! ਨਜ਼ਰਾਂ ਚੁਰਾ ਗਿਆ ਕੋਈ।
ਦਿਲ ਨਕਾਰਾ ਬਣਾ ਗਿਆ ਕੋਈ।

ਵੱਸ ਮੇਰੇ ਰਹੇ ਨਾ ਦਿਲ ਮੇਰਾ,
ਇਹ ਕੀ ਜਾਦੂ ਚਲਾ ਗਿਆ ਕੋਈ?

ਛੱਡ ਮੈਨੂੰ ਅਵੱਲੇ ਰਾਹਾਂ ਵਿਚ,
ਹਾਏ! ਪੱਲਾ ਛੁਡਾ ਗਿਆ ਕੋਈ।

ਨਾ ਕਿਨਾਰਾ ਹੀ ਹੁਣ ਮਿਲੇ ਮੈਨੂੰ,
ਕਿਹੜੇ ਵਹਿਣਾਂ 'ਚ ਪਾ ਗਿਆ ਕੋਈ।

ਚੈਨ ਮਿਲਦਾ ਨਹੀਂ ਜ਼ਰਾ ਜਦ ਤੋਂ,
ਦਿਲ 'ਚ ਆ ਕੇ ਚਲਾ ਗਿਆ ਕੋਈ।

ਨਾ ਮੈਂ ਜੀਂਦਾ ਹਾਂ ਤੇ ਨਾ ਮਰਦਾ ਹਾਂ,
ਇਹ ਕੀ ਚੱਕਰ ਚਲਾ ਗਿਆ ਕੋਈ?

ਜਾਮ ਇੱਕੋ ਪਿਲਾ ਕੇ ਨਜ਼ਰਾਂ 'ਚੋਂ,
ਮੈਨੂੰ ਪਾਗਲ ਬਣਾ ਗਿਆ ਕੋਈ।

ਰੋਗ ਸਾਨੂੰ ਲਗਾ ਕੇ ਉਮਰਾਂ ਦਾ,
ਖ਼ਬਰੇ! ਕਿੱਧਰ ਚਲਾ ਗਿਆ ਕੋਈ।

ਜਗ ਰਿਹਾ ਸੀ ਜੋ ਆਸ ਦੀ ਦੀਵਾ,
ਹਾਏ ਰੱਬਾ! ਬੁਝਾ ਗਿਆ ਕੋਈ।

ਇੱਕੋ ਸੱਧਰ ਸੀ ਮੇਰੇ ਦਿਲ ਅੰਦਰ,
ਉਹ ਵੀ ਮਿੱਟੀ ਮਿਲਾ ਗਿਆ ਕੋਈ।

☆

ਹਜ਼ਾਰਾਂ ਗ਼ਮ ਤੇ ਲੱਖਾਂ ਹਸਰਤਾਂ ਜੋ ਦਿਲ 'ਚ ਰਹਿ ਗਈਆਂ,
ਕਮਾਈ ਜ਼ਿੰਦਗੀ ਦੀ ਨਾਲ ਹੀ ਲੈ ਕੇ ਮਰਾਂਗਾ ਮੈਂ।

ਤੇਰੇ ਨਾਲ ਨਿਭਾ ਨਹੀਂ ਹੋਣੀ ਸਾਡੇ ਤੋਂ।
ਜਾਨ ਗ਼ਮਾਂ ਵਿਚ ਪਾ ਨਹੀਂ ਹੋਣੀ ਸਾਡੇ ਤੋਂ।

ਤੇਰੇ ਤੋਂ ਨਈ੍ਹੀਂ ਸਾਡੇ ਨਾਲ ਨਿਭਾ ਹੋਣੀ,
ਤੇਰੇ ਨਾਲ ਨਿਭਾ ਨਹੀਂ ਹੋਣੀ ਸਾਡੇ ਤੋਂ।

ਚੜ੍ਹਦੀ ਉਮਰੇ ਜੋਬਨ ਮੱਤੇ ਚਾਵਾਂ ਦੀ,
ਮੋਢੀਂ ਲਾਸ਼ ਉਠਾ ਨਹੀਂ ਹੋਣੀ ਸਾਡੇ ਤੋਂ।

ਸਾਡੀ ਉਮਰ ਵੀ ਅਪਣੇ ਨਾਮ ਲੁਆ ਲੈ ਤੂੰ,
'ਕੱਲਿਆਂ ਉਮਰ ਬਿਤਾ ਨਹੀਂ ਹੋਣੀ ਸਾਡੇ ਤੋਂ।

ਤੇਰੇ ਤੋਂ ਨਹੀਂ ਸਾਡੇ ਨਾਲ ਵਫ਼ਾ ਹੋਣੀਂ,
ਤੇਰੇ ਨਹੀਂ ਜ਼ਫਾ ਨਹੀਂ ਹੋਣੀ ਸਾਡੇ ਤੋਂ।

✰

ਦੋ ਕਿਨਾਰੇ ਇਕ ਨਦੀ ਦੇ ਕਿਸ ਤਰ੍ਹਾਂ ਮਿਲ਼ਦੇ ਭਲਾ?
ਵਹਿ ਰਿਹੈ ਪਾਣੀ ਹੀ ਜਦ ਦੋਹਾਂ ਦੇ ਵਿਚ ਦੀਵਾਰ ਬਣ।

ਤੈਨੂੰ ਜ਼ਫ਼ਾ ਦੇ ਬਦਲੇ ਏਹੋ ਸਜ਼ਾ ਦਿਆਂਗੇ।
ਕਿ ਖ਼ੁਸ਼ ਰਹੇਂ ਸਦਾ ਤੂੰ, ਹਰ ਪਲ ਦੁਆ ਦਿਆਂਗੇ।

ਜਿਹੜਾ ਵੀ ਕੋਈ ਸਾਡੇ ਰਸਤੇ ਦਾ ਰੋੜ ਬਣਿਆ,
ਉਸਦੀ ਅਸੀਂ ਪਲਾਂ ਵਿਚ ਹਸਤੀ ਮਿਟਾ ਦਿਆਂਗੇ।

ਪਹਿਲਾਂ ਇਹ ਸੋਚ ਲੈ ਤੂੰ, ਐ ਸਾਕੀਆ! ਅਸੀਂ ਜਦ,
ਆਈ 'ਤੇ ਆ ਗਏ ਤਾਂ ਪਰਲੋ ਲਿਆ ਦਿਆਂਗੇ।

ਖ਼ਤ ਵਿਚ ਉਨ੍ਹਾਂ ਨੇ ਲਿਖਿਐ – "ਸਾਨੂੰ ਭੁਲਾ ਦੇਵੀਂ ਤੂੰ,
ਤੈਨੂੰ ਅਸੀਂ ਵੀ ਦਿਲ 'ਚੋਂ, ਬਿਲਕੁਲ ਭੁਲਾ ਦਿਆਂਗੇ।"

ਸਾਨੂੰ ਭੁਲਾ ਦੇਵੀਂ ਤੂੰ ਜੀਅ ਸਦਕੇ, ਪਰ ਅਸੀਂ ਤਾਂ,
ਤੇਰੀ ਹੀ ਯਾਦ ਅੰਦਰ ਜੀਵਨ ਬਿਤਾ ਦਿਆਂਗੇ।

ਮੈਂ ਹੱਕ ਮੰਗਦਾ ਹਾਂ ਪਰ ਉਹ ਇਹ ਆਖਦੇ ਹਨ,
"ਖ਼ਾਮੋਸ਼ ਰਹਿ! ਨਹੀਂ ਤਾਂ, ਸੂਲ਼ੀ ਚੜ੍ਹਾ ਦਿਆਂਗੇ।"

ਕਿਉਂ ਛੇੜਦੈਂ ਤੂੰ ਸਾਨੂੰ, ਜੇ ਛਿੜ ਪਏ ਅਸੀਂ ਤਾਂ,
ਤੈਨੂੰ ਅਸੀਂ ਦਿਨੇ ਹੀ ਤਾਰੇ ਵਿਖਾ ਦਿਆਂਗੇ।

ਸੁਖ ਨਹੀਂ ਰਿਹਾ ਜੇ ਐ ਦਿਲ! ਤਾਂ ਦੁਖ ਵੀ ਨਹੀਂ ਰਹੇਗਾ,
ਕਹਿ-ਕਹਿ ਕੇ ਇੰਜ ਦਿਲ ਨੂੰ ਕਦ ਤਕ ਦਗ਼ਾ ਦਿਆਂਗੇ ?

ਇਹ ਮੇਰ-ਤੇਰ ਛੱਡ ਦੇ ਹੁਣ, ਸਾਕੀਆ! ਨਹੀਂ ਤਾਂ,
ਮਹਿਫ਼ਿਲ ਤੇਰੀ 'ਚ ਹੇਠਲੀ ਉੱਤੇ ਲਿਆ ਦਿਆਂਗੇ।

ਨਾਦਾਨ ਹਨ ਬੜੇ ਹੀ, ਜੋ ਸੋਚਦੇ ਨੇ ਇਹ ਕਿ-
ਇਕ ਦਿਨ ਅਸੀਂ ਉਨ੍ਹਾਂ ਨੂੰ ਆਪੇ ਭੁਲਾ ਦਿਆਂਗੇ।

☆

ਕੀ ਹਾਂ ਮੈਂ? ਕੀ ਦਿਸ ਰਿਹਾਂ, ਉਸ ਪਲ ਖੁੱਲ੍ਹਾ ਭੇਦ,
'ਕੱਲੇ ਬਹਿ ਕੇ ਮੈਂ ਜਦੋਂ, ਦਿਲ ਵਿਚ ਮਾਰੀ ਝਾਤ।

ਵੇਖੋ ਮੇਰੇ 'ਤੇ ਉਹ ਕਰਮ ਕਿੰਨਾ ਕਮਾ ਗਿਆ।
ਖ਼ੁਦ ਬੇਵਫ਼ਾ ਹੋ ਕੇ ਵਫ਼ਾ ਕਰਨੀ ਸਿਖਾ ਗਿਆ।

ਨਾ ਜ਼ਿੰਦਗੀ ਭਰ ਉਤਰਿਆ ਉਸਦਾ ਨਸ਼ਾ ਕਦੇ,
ਖ਼ਬਰੇ ਉਹ ਨੈਣਾਂ 'ਚੋਂ ਕਿਹੜੀ ਮਦੁਰਾ ਪਿਲਾ ਗਿਆ।

ਜੀਂਦੇ ਜੀ ਸਾਡੀ ਨਾ ਕਿਸੇ ਆ ਕੇ ਖ਼ਬਰ ਲਈ,
ਅਹੁ ਕੌਣ ਸਾਡੀ ਕਬਰ 'ਤੇ ਦੀਵਾ ਜਗਾ ਗਿਆ?

ਜ਼ਿੰਦਾ ਰਹੇ ਤਾਂ ਮਿਲ ਪਵਾਂਗੇ ਇਸ ਤਰ੍ਹਾਂ ਹੀ ਫੇਰ,
ਖ਼ਬਰੇ ਉਹ ਏਨੀ ਆਖ ਕੇ ਕਿੱਧਰ ਚਲਾ ਗਿਆ!

'ਦੇਊ ਦਗ਼ਾ ਇਹ ਵੀ ਕੁੜੀ', ਮੈਂ ਤਾਂ ਕਿਹਾ ਸੀ ਪਰ-
ਨਾ ਸਮਝਿਆ ਦਿਲ ਉਸਦੀਆਂ ਗੱਲਾਂ 'ਚ ਆ ਗਿਆ।

ਕਟਦੇ ਪਏ ਸਾਂ ਜ਼ਿੰਦਗੀ ਆਪਾਂ ਜਿਸ ਆਸ 'ਤੇ,
ਹਾਏ! ਕੋਈ ਉਹ ਆਸ ਵੀ ਮਿੱਟੀ ਮਿਲਾ ਗਿਆ।

✲

ਸਿਤਮ ਸਾਰੇ ਸਹਾਰੇ ਹੱਸਕੇ ਏਸੇ ਲਈ ਹੀ ਕਿ-
ਕਿਤੇ ਤੂੰ ਹੀ ਮੇਰੇ 'ਤੇ ਇਹ ਕਰਮ ਨਾ ਕਰ ਰਿਹਾ ਹੋਵੇਂ।

ਤੇਰੇ ਗ਼ਮ ਵਿਚ ਯਾਰ! ਮੂਧੇ ਮੂੰਹ ਪਿਆਂ ਬਰਸਾਤ ਵਿਚ।
ਤੂੰ ਕੀ ਜਾਣੇ, ਕਿਸ ਤਰ੍ਹਾਂ ਮੈਂ ਜੀ ਰਿਹਾਂ ਬਰਸਾਤ ਵਿਚ।

ਤੇਰੇ ਹੀ ਵਲ ਵੇਖਦਾ ਮੈਂ ਤਿਲਕਿਆਂ ਬਰਸਾਤ ਵਿਚ।
ਸਾਹਮਣੇ ਤੇਰੇ ਮੈਂ ਮੂਧੇ ਮੂੰਹ ਪਿਆਂ ਬਰਸਾਤ ਵਿਚ।

ਹਾਲ ਮੇਰਾ ਪੁੱਛਣੈਂ ਤਾਂ ਜਾਹ ਉਨ੍ਹਾਂ ਤੋਂ ਪੁੱਛ ਲੈ,
ਵਿੱਛੜੇ ਮਹਿਰਮ ਜਿਨ੍ਹਾਂ ਦੇ ਸੁਹਣਿਆ! ਬਰਸਾਤ ਵਿਚ।

ਖੋਲ੍ਹਦੇ ਬੂਹੇ, ਜੁੜਨ ਦੇ ਮਹਿਫਿਲਾਂ, ਹਾਸੇ ਪਿਲਾ,
ਸਾਕੀਆ! ਕਿਉਂ ਬੰਦ ਰੱਖੀਐਂ ਬੋਤਲਾਂ, ਬਰਸਾਤ ਵਿਚ।

ਦਰਦ ਪਿੰਜੇ ਦਿਲ ਨੇ ਜੇ ਆਹ ਮਾਰ ਹਉਕਾ ਭਰ ਲਿਆ,
ਖ਼ਾਕ ਹੋ ਜਾਊਗਾ ਸੜ ਕੇ ਇਹ ਜਹਾਂ ਬਰਸਾਤ ਵਿਚ।

ਐ ਖ਼ੁਦਾ! ਤੂੰ ਦਰਦ ਸਾਰੇ ਮੇਰੀ ਝੋਲੀ ਪਾ ਦਵੀਂ,
ਪਰ ਝੜੀ ਲਾਵਣ ਕਿਸੇ ਦੇ ਨੈਣ ਨਾ ਬਰਸਾਤ ਵਿਚ।

ਬਾਝ ਤੇਰੇ 'ਵਾ ਪੁਰੇ ਦੀ, ਦਿਲ ਮੇਰਾ ਹੈ ਸਾੜਦੀ,
ਸੂਲ਼ਾਂ ਵਾਂਗਰ ਚੁਭਣ ਕਣੀਆਂ ਮਹਿਰਮਾ! ਬਰਸਾਤ ਵਿਚ।

ਭੁੱਲਣਾ ਚਾਹੁੰਦਾ ਹਾਂ ਤੈਨੂੰ, ਦਿਲ 'ਤੇ ਪੱਥਰ ਰੱਖਕੇ,
ਕੀ ਕਰਾਂ ਜੇ ਫੇਰ ਵੀ ਨਾ ਭੁਲ ਸਕਾਂ ਬਰਸਾਤ ਵਿਚ।

ਸੱਜਣਾ! ਦਸ ਕਾਸਤੋਂ ਲੰਮੇ ਵਿਛੋੜੇ ਪਾ ਗਿਐਂ,
ਤਰਸ ਕੁਝ ਤਾਂ ਕਰ ਮੇਰੇ 'ਤੇ ਦੁਸ਼ਮਣਾ! ਬਰਸਾਤ ਵਿਚ।

ਯਾਦ ਤੇਰੀ ਸੁਹਣਿਆਂ! ਮੁੜ-ਮੁੜ ਸਤਾਵੇ ਜਿਸ ਘੜੀ,
ਗੀਤ ਮੈਂ ਸ਼ਿਵ ਦਾ ਕੋਈ ਤਦ ਗਾ ਲਵਾਂ ਬਰਸਾਤ ਵਿਚ।

✲

ਖ਼ਤ ਲਿਖੇਂਗਾ ਮੈਨੂੰ ਤੂੰ, ਕਿਹੜੇ ਪਤੇ 'ਤੇ ਦੱਸ?
ਜੋਗੀਆਂ ਦਾ ਨਹੀਂ ਕੋਈ ਵੀ ਥਹੁ-ਪਤਾ ਹੁੰਦਾ।

ਦੋ ਦਿਨਾਂ ਦੀ ਜ਼ਿੰਦਗੀ ਮਹਿਮਾਨ ਹੈ।
ਦਿਲ ਸਮਝਦਾ ਹੀ ਨਹੀਂ, ਨਾਦਾਨ ਹੈ।

ਕਿਉਂ ਭਲਾ ਨਜ਼ਰਾਂ ਚੁਰਾ ਕੇ ਜਾ ਰਿਹੈਂ,
ਸੁਹਣਿਆ ਇਹ ਇਸ਼ਕ ਦਾ ਅਪਮਾਨ ਹੈ।

ਯਾਰ ਦੀ ਖ਼ਾਤਰ ਮੈਂ ਦੁਨੀਆ ਵਾਰਦਾਂ,
ਯਾਰ ਮੇਰੀ ਜਾਨ ਹੈ, ਈਮਾਨ ਹੈ।

ਇਸ਼ਕ ਦੇ ਰਾਹ ਤੋਂ ਨਹੀਂ ਮੈਂ ਪਰਤਣਾ,
ਮੌਤ ਸੌ ਵਾਰੀ ਮਿਲੇ ਪਰਵਾਨ ਹੈ।

ਜੇ ਮੁਹੱਬਤ ਪਾਪ ਨਹੀਂ? ਦਿਲ ਵਾਲਿਓ!
ਫੇਰ ਦੁਨੀਆ ਕਾਸਤੋਂ ਹੈਰਾਨ ਹੈ?

ਟੁੱਟਿਆ ਦਿਲ ਹੈ ਮੇਰੇ ਸੀਨੇ ਦੇ ਵਿਚ,
ਐ ਮੁਹੱਬਤ! ਇਹ ਤੇਰਾ ਅਹਿਸਾਨ ਹੈ।

ਤੋੜ ਤੱਕ ਨਿਭਣਾ ਤਾਂ 'ਬੱਲ' ਔਖੈ ਬੜਾ,
ਗੱਲ ਕਹਿ ਦੇਣੀ ਬੜੀ ਆਸਾਨ ਹੈ।

☆

ਲੱਭਦੇ ਫਿਰਦੇ ਹੋ ਕਿਉਂ ਖੰਜਰ ਜਿਗਰ ਦੇ ਲਈ ਤੁਸੀਂ,
ਤੀਰ ਕਾਫੀ ਹੈ ਨਜ਼ਰ ਦਾ ਇਸ ਨਿਸ਼ਾਨੇ ਵਾਸਤੇ।

ਕਿਹਾ ਹਸਕੇ ਜਦੋਂ ਉਸਨੇ, "ਨਹੀਂ ਤੂੰ ਪਿਆਰ ਦੇ ਕਾਬਿਲ।"
ਕਿਹਾ ਮੈਂ, "ਸੁਹਣਿਆ! ਇਹ ਗਲ ਨਹੀਂ ਇਤਬਾਰ ਦੇ ਕਾਬਿਲ।"

ਮੈਂ ਭਾਵੇਂ ਉਮਰ ਭਰ ਸਾਰੇ ਜਹਾਂ ਵਿਚ ਭਾਲਿਐ ਫਿਰ ਵੀ,
ਕੋਈ ਨਾ ਯਾਰ ਮਿਲਿਆ ਏਸ ਦਿਲ ਦੁਖਿਆਰ ਦੇ ਕਾਬਿਲ।

ਭਲਾ ਬੇਗਾਨਿਆਂ 'ਤੇ ਆਪਣੀ ਨਾਰਾਜ਼ਗੀ ਕਾਹਦੀ,
ਦਿਲਾ! ਜਦ ਆਪਣੇ ਹੀ ਨਾ ਰਹੇ ਇਤਬਾਰ ਦੇ ਕਾਬਿਲ।

ਗ਼ਮਾਂ ਦੇ ਭੱਠ ਵਿਚ ਅਪਣਾ ਮੈਂ ਸਭ ਕੁਝ ਸਾੜ ਦਿੱਤੈ, ਪਰ
ਮੇਰਾ ਦਿਲ ਹੋ ਨਹੀਂ ਸਕਿਆ ਅਜੇ ਦਿਲਦਾਰ ਦੇ ਕਾਬਿਲ।

ਦਿਲਾ ਕੀ ਸੋਚ ਕੇ ਕੀਤਾ ਸੀ ਤੂੰ ਇਤਬਾਰ ਉਹਨਾਂ 'ਤੇ,
ਜਦੋਂ ਤੂੰ ਜਾਣਦਾ ਸੈਂ ਉਹ ਨਹੀਂ ਇਤਬਾਰ ਦੇ ਕਾਬਿਲ।

ਜਦੋਂ ਉਹ ਜਾਣ ਲੱਗੇ, ਮੈਂ ਕਿਹਾ, "ਜੀ ਫਿਰ ਕਦੋਂ ਆਉਣੈਂ?"
ਉਹ ਕਹਿੰਦੇ, "ਜਾਹ ਨਹੀਂ ਹੈਂ ਤੂੰ ਅਜੇ ਇਕਰਾਰ ਦੇ ਕਾਬਿਲ।"

ਤੇਰੀ ਤਾਰੀਫ ਮੈਥੋਂ ਸੱਜਣਾ! ਦਸ ਕਿਸ ਤਰ੍ਹਾਂ ਹੋਵੇ,
ਨਹੀਂ ਜਦ ਸ਼ਬਦ ਹੀ ਮਿਲਦੇ ਤੇਰੇ ਸਤਿਕਾਰ ਦੇ ਕਾਬਿਲ।

✰

ਖੋਜਿਆ ਹਾਸਾ ਬੜਾ ਮੈਂ, ਅੱਖਰਾਂ ਦੇ ਭੀੜ 'ਚੋਂ,
ਸ਼ਬਦ ਜਿਹੜੇ ਵੀ ਮਿਲੇ, ਸਭ ਹੰਝੂਆਂ ਵਿਚ ਤਰ ਮਿਲੇ।

ਲੋਕਾਂ ਨੇ ਜਦ ਮਾਰੇ ਪੱਥਰ।
ਹਸਕੇ ਅਸੀਂ ਸਹਾਰੇ ਪੱਥਰ।

ਜੋ ਦਿੱਸੇ ਫੁੱਲਾਂ ਤੋਂ ਕੋਮਲ,
ਉਹ ਵੀ ਨਿਕਲੇ ਭਾਰੇ ਪੱਥਰ।

ਦਿਲ ਕਰਦੈ ਇਹਨਾਂ ਨੂੰ ਚੁੰਮਾਂ,
ਲਗਦੇ ਪਿਆਰੇ-ਪਿਆਰੇ ਪੱਥਰ।

ਖ਼ਬਰੇ ਮੇਰੇ ਯਾਰਾਂ ਹੀ ਕਿਉਂ,
ਰਾਹਾਂ ਵਿਚ ਖਿਲਾਰੇ ਪੱਥਰ।

ਢਿੱਡੋਂ ਭੁੱਖੇ, ਤਨ ਤੋਂ ਨੰਗੇ,
ਕਿੱਧਰ ਜਾਣ ਵਿਚਾਰੇ ਪੱਥਰ?

ਦੱਸੋ! ਕਦ ਤੱਕ ਬੈਠ ਰਹੋਗੇ,
ਸੀਨੇ 'ਤੇ ਧਰ ਭਾਰੇ ਪੱਥਰ।

ਕੋਈ ਹਲਚਲ ਹੋਵੇਗੀ ਹੁਣ,
ਜਾਗ ਪਏ ਨੇ ਸਾਰੇ ਪੱਥਰ।

ਗ਼ੈਰਾਂ ਨੂੰ ਮੈਂ ਕੀ ਆਖਾਂ ਜਦ,
ਆਪਣਿਆਂ ਵੀ ਮਾਰੇ ਪੱਥਰ।

☆

ਹਰਫ਼ਾਂ ਦੇ ਗ਼ਮ ਖਾਣੇ ਪੰਛੀ, ਚੁਗ ਲੈਂਦੇ ਨੇ ਸਹਿਜੇ ਹੀ,
ਆਪਾਂ ਤਾਂ ਕਾਗਜ਼ 'ਤੇ ਅਪਣਾ, ਦਰਦ ਖਿਲਾਰੀ ਜਾਨੇ ਆਂ।

ਆਪਣੇ ਹੀ ਦੇਸ ਪਰਦੇਸੀ ਕਹਾਵਾਂਗੇ ਅਸੀਂ!
ਕੀ ਪਤਾ ਸੀ ਹਾਦਸੇ ਇਸ ਕਦਰ ਖਾਵਾਂਗੇ ਅਸੀਂ!

ਗੋਲ਼ੀਆਂ, ਲਾਸ਼ਾਂ, ਧਮਾਕੇ, ਹਰ ਤਰਫ਼ ਵੈਣਾਂ ਦੀ ਗੂੰਜ,
ਗੀਤ ਅਮਨ ਦੇ ਕਿਸ ਤਰ੍ਹਾਂ ਹੁਣ ਗੁਣਗੁਣਾਵਾਂਗੇ ਅਸੀਂ ?

ਜਦ ਸਵੇਰੇ ਨਿਕਲੀਏ ਘਰ 'ਚੋਂ ਨਹੀਂ ਹੁੰਦਾ ਯਕੀਨ,
ਸ਼ਾਮ ਨੂੰ ਅਪਣੇ ਘਰੀਂ ਫਿਰ ਪਰਤ ਆਵਾਂਗੇ ਅਸੀਂ!

ਮੁਸਕਰਾਹਟਾਂ ਲੁੱਟੀਆਂ ਨੇ ਇਸ ਤਰ੍ਹਾਂ ਹਾਲਾਤ ਨੇ,
ਜਾਪਦਾ ਨਈਂ ਕਿ ਕਦੇ ਹੁਣ ਮੁਸਕਰਾਵਾਂਗੇ ਅਸੀਂ!

ਹੋਲੀਆਂ, ਦੀਵਾਲੀਆਂ, ਮੇਲੇ, ਵਿਸਾਖੀ, ਮੱਸਿਆ,
ਰੱਬ ਜਾਣੇ! ਹੁਣ ਕਦੋਂ 'ਕੱਠੇ ਮਨਾਵਾਂਗੇ ਅਸੀਂ!

ਦਿਲ ਦੀਆਂ ਦਿਲ ਵਿਚ ਲੁਕਾਈ ਜੀ ਰਹੇ ਹਾਂ ਦੋਸਤੋ!
ਅੱਗ ਕੱਖਾਂ ਹੇਠ ਪਰ ਕਦ ਤੱਕ ਲੁਕਾਵਾਂਗੇ ਅਸੀਂ?

ਸਭ ਸਿਤਮ ਭੁਲ ਜਾਣਗੇ ਭਾਵੇਂ ਮਗ਼ਰ ਸੰਭਵ ਨਹੀਂ,
ਕਿ 'ਚੁਰਾਸੀ' ਦੇ ਸਿਤਮ ਵੀ ਭੁੱਲ ਜਾਵਾਂਗੇ ਅਸੀਂ!

ਭੰਗੜੇ, ਗਿੱਧੇ, ਹੁਲਾਰੇ ਪੀਂਘ ਦੇ, ਬੋਹੜਾਂ ਦੀ ਛਾਂ,
ਮੁੜ ਕੇ ਉਹ ਦਿਨ ਮੋੜ ਕੇ, ਕਿੱਥੋਂ ਲਿਆਵਾਂਗੇ ਅਸੀਂ?

ਪੈਣ ਨਾ ਦੇਵੋ ਦਿਲਾਂ ਵਿਚ ਦੂਰੀਆਂ ਜੇ ਪੈ ਗਈਆਂ,
ਫਿਰ ਦਿਲਾਂ 'ਚੋਂ ਦੂਰੀਆਂ ਕਿੱਦਾਂ ਮਿਟਾਵਾਂਗੇ ਅਸੀਂ!

ਕਰਫਿਊ ਹੈ ਸ਼ਹਿਰ ਤੇਰੇ, ਬੰਦ ਹੈ ਸਾਡਾ ਨਗਰ,
ਰੱਬ ਹੀ ਜਾਣੇ ਕਿਵੇਂ ਵਾਅਦਾ ਨਿਭਾਵਾਂਗੇ ਅਸੀਂ!

✲

ਜਿੱਦਣ ਦੇ ਦੁਨੀਆ ਨੇ ਮੈਨੂੰ, 'ਥੌੜਾ-ਛੈਣੀ ਲੈ ਦਿੱਤੇ,
ਓਦਣ ਦਾ ਚੰਗਾ ਲਗਦਾ ਹੈ, ਤੇਰਾ ਪੱਥਰ ਹੋ ਜਾਣਾ।

ਜਦੋਂ ਮਿਲਿਓਂ ਤੂੰ ਏਦਾਂ ਜ਼ਿੰਦਗੀ ਨੂੰ ਆਸਰਾ ਮਿਲਿਆ।
ਜਿਵੇਂ ਮੰਝਧਾਰ ਦੇ ਵਿਚ ਡੁੱਬਦੇ ਨੂੰ ਨਾਖ਼ੁਦਾ ਮਿਲਿਆ।

ਤੇਰੇ ਹਾਸੇ 'ਚੋਂ ਲੱਭੀ ਹੈ ਗਵਾਚੀ ਜ਼ਿੰਦਗੀ ਮੈਨੂੰ,
ਤੇਰੇ ਨੈਣਾਂ 'ਚੋਂ ਮੈਨੂੰ ਜ਼ਿੰਦਗੀ ਦਾ ਫ਼ਲਸਫ਼ਾ ਮਿਲਿਆ।

ਜਦੋਂ ਪਹਿਲੀ ਹੀ ਵਾਰੀ ਹੱਸਕੇ ਨਜ਼ਰਾਂ ਮਿਲਾਈਆਂ ਤੂੰ,
ਇਵੇਂ ਲੱਗਾ ਗਵਾਚੇ ਨੂੰ ਜਿਵੇਂ ਘਰ ਦਾ ਪਤਾ ਮਿਲਿਆ।

ਮੈਂ ਸਾਰੀ ਉਮਰ ਥਾਂ-ਥਾਂ ਜਾ ਬੜੀ ਹੀ ਖ਼ਾਕ ਛਾਣੀ ਪਰ,
ਨਹੀਂ ਤੇਰੇ ਜਿਹਾ ਮੈਨੂੰ ਕੋਈ ਵੀ ਦੂਸਰਾ ਮਿਲਿਆ।

☆

ਸੌਖੈ ਬੜਾ ਬਹਿ ਕੇ ਕਿਨਾਰੇ, ਵੇਖਣਾ ਤੂਫਾਨ ਵੱਲ,
ਸ਼ੂਕਦੇ ਤੂਫਾਨ ਵਿਚ ਖ਼ੁਦ ਠਿੱਲ੍ਹਣਾ ਔਖੈ ਬੜਾ।

ਜੀਣ ਦੀ ਇੱਛਾ ਨਹੀਂ ਪਰ ਫਿਰ ਵੀ ਜੀਣਾ ਪੈ ਰਿਹੈ।
ਜ਼ਿੰਦਗੀ ਦਾ ਜ਼ਹਿਰ ਨਾ ਚਾਹੁੰਦੇ ਵੀ ਪੀਣਾ ਪੈ ਰਿਹੈ।

ਦਿੱਤੀਆਂ ਬੜੀਆਂ ਦੁਹਾਈਆਂ, ਨਾ ਕੋਈ ਆਇਆ ਕਰੀਬ,
ਦਿਲ ਦਿਆਂ ਜ਼ਖ਼ਮਾਂ ਨੂੰ ਵੀ ਆਪੇ ਹੀ ਸੀਣਾ ਪੈ ਰਿਹੈ।

ਐ ਖ਼ੁਦਾ! ਕਿਸ ਕਦਰ ਨੇ ਅਜ ਵਧ ਗਈਆਂ ਖ਼ੁਦਗਰਜ਼ੀਆਂ,
ਆਦਮੀ ਨੂੰ ਆਦਮੀ ਦਾ ਖ਼ੂਨ ਪੀਣਾ ਪੈ ਰਿਹੈ।

ਆਪਣੇ ਮੋਢੀਂ ਮੈਂ ਅਪਣੀ ਲਾਸ਼ ਚੁੱਕੀ ਫਿਰ ਰਿਹਾਂ,
ਆਪੇ ਹੀ ਮੈਨੂੰ ਆਪਣਾ ਕਰਨਾ ਵਗ਼ੀਣਾ ਪੈ ਰਿਹੈ।

ਜੀਅ ਰਿਹੈ ਮੇਰੇ ਲਈ ਕੋਈ, ਹੋਈ ਜਿਸ ਦਿਨ ਖ਼ਬਰ,
ਓਸ ਦਿਨ ਤੋਂ ਰੋਜ਼ ਹੀ ਮਰ-ਮਰ ਕੇ ਜੀਣਾ ਪੈ ਰਿਹੈ।

☆

ਨਾ ਮੰਜ਼ਿਲ ਦਾ ਸ਼ੌਕ ਰਿਹਾ, ਨਾ ਰਾਹਾਂ ਦੀ ਸੰਭਾਲ਼ ਰਹੀ।
ਤੈਥੋਂ ਵਿੱਛੜ ਭਟਕਣ ਹਰਦਮ, ਸਾਡੇ ਪੈਰਾਂ ਨਾਲ਼ ਰਹੀ।

ਐਸੇ ਬੱਦਲ ਯਾਰ ਕਦੇ ਨਾ ਵਰਸਣਗੇ।
ਜਿਹੜੇ ਹਰਦਮ ਗੜ-ਗੜ, ਗੜ-ਗੜ ਗੱਜਣਗੇ।

ਜਿਹੜੇ ਆਸ਼ਕ ਜਾਨ ਤਲੀ 'ਤੇ ਰੱਖਣਗੇ।
ਓਹੀ ਆਖ਼ਰ ਇਸ਼ਕ ਦੀ ਬਾਜ਼ੀ ਜਿੱਤਣਗੇ।

ਦਿਲ ਵਾਲੇ ਤਾਂ ਸੂਲ਼ੀ 'ਤੇ ਵੀ ਨੱਚਣਗੇ।
'ਮੂਰਖ' ਲੋਕੀਂ ਪਾਗਲ ਕਹਿ-ਕਹਿ ਹੱਸਣਗੇ।

ਕੱਖਾਂ ਦੀ ਕੁੱਲੀ 'ਚੋਂ ਝੱਖੜ ਉੱਠਣਗੇ।
ਮਹਿਲ-ਮੁਨਾਰੇ ਧੜ-ਧੜ, ਧੜ-ਧੜ ਡਿੱਗਣਗੇ।

ਦਿਲ ਵਾਲੇ ਤਾਂ ਮਕਤਲ ਦੇ ਵਿਚ ਗੱਜਣਗੇ।
ਦੁੱਧ ਪੀਣੇ ਮਜਨੂੰ ਨਾ ਪਲ ਵੀ ਅਟਕਣਗੇ।

ਕਿਹੜਾ ਦਿਲ ਵਾਲਾ ਹੈ, ਕਿਹੜਾ ਬੁਜ਼ਦਿਲ ਹੈ ?
ਰਣ-ਖੇਤਰ ਵਿਚ ਯਾਰ ਨਿਤਾਰੇ ਨਿਤਰਣਗੇ।

ਪਤਾ ਨਹੀਂ ਸੀ ਦਿਲ ਨੂੰ ਮਾਣ ਜਿਨ੍ਹਾਂ 'ਤੇ ਹੈ,
ਓਹੀ ਸਾਡੇ ਰਾਹ ਵਿਚ ਸੂਲ਼ਾਂ ਗੱਡਣਗੇ।

✫

ਰਾਤ-ਦਿਨੇ ਸੋਚਾਂ ਦਿਨ ਚੜ੍ਹਦੇ, ਚੰਦਰਮਾ ਕਿੱਧਰ ਜਾਂਦੈ?
ਜੀਅ ਕਰਦੈ ਸੂਰਜ ਨੂੰ ਪੁੱਛਾਂ, ਕਿੱਥੇ ਦੱਸ ਗੁਜ਼ਾਰੇਂ ਰਾਤ?

ਉਡਾਰੀ ਲਾ ਗਿਐਂ ਡੁਬ ਜਾਣਿਆ! ਕਿੱਧਰ ਪਲਾਂ ਅੰਦਰ ?
ਤੂੰ ਹੀ ਤਾਂ ਸੀ ਮੇਰਾ ਇਕ ਆਸਰਾ ਸਾਰੇ ਜਹਾਂ ਅੰਦਰ।

ਸਹਾਰਾ ਰਹਿ ਗਿਐ ਕਿਹੜਾ, ਮੈਂ ਕਿਸਨੂੰ ਵੇਖ ਕੇ ਜੀਵਾਂ ?
ਤੇਰੇ ਬਾਝੋਂ ਹਨੇਰਾ ਜਾਪਦੈ ਸਾਰੇ ਗ਼ਰਾਂ ਅੰਦਰ।

ਮੇਰਾ ਨਾਂ ਲੈਣ ਤੋਂ ਵੀ ਹਰ ਕੋਈ ਅਜ ਝਕ ਰਿਹੈ ਓਥੇ,
ਕਦੇ ਚਰਚਾ ਮੇਰਾ ਸੀ ਆਮ ਜਿੰਨ੍ਹਾਂ ਮਹਿਫ਼ਿਲਾਂ ਅੰਦਰ।

ਦਿਲਾ! ਅੱਲੜ੍ਹਪੁਣੇ ਵਿਚ ਪਾ ਲਈਆਂ ਜੋ ਉਲਝਣਾਂ ਆਪਾਂ,
ਜਵਾਨੀ ਵੀ ਗੁਜ਼ਰ ਚੱਲੀ ਹੈ ਉਹਨਾਂ ਉਲਝਣਾਂ ਅੰਦਰ।

ਤਲ਼ੀ ਉੱਤੇ ਟਿਕਾ ਕੇ ਸਿਰ, ਚਲੋ ਨਿਕਲ਼ੋ ਘਰਾਂ ਵਿੱਚੋਂ,
ਕਦੋਂ ਤੱਕ ਇਸ ਤਰ੍ਹਾਂ ਚੁਪ-ਚਾਪ ਬੈਠੋਗੇ ਘਰਾਂ ਅੰਦਰ ?

ਮੁਸੀਬਤ ਆ ਪਈ ਪਰਖੇ ਗਏ ਅਪਣੇ ਪਰਾਏ ਸਭ,
ਸਵਾਰਥ ਹੀ ਨਜ਼ਰ ਆਇਆ ਹੈ ਸਾਰੇ ਰਿਸ਼ਤਿਆਂ ਅੰਦਰ।

ਸੀ ਇੱਕੋ ਚਾਅ ਕਿ ਅਪਣੀ ਇਕ ਨਵੀਂ ਦੁਨੀਆ ਵਸਾਵਾਂਗੇ,
ਮਗ਼ਰ ਉਹ ਵੀ ਕੁਆਰਾ ਮਰ ਗਿਆ ਅਪਣੇ ਦਿਲਾਂ ਅੰਦਰ।

ਜੇ ਮਰਨਾ ਹੈ ਤਾਂ ਐਸੀ ਅਣਖ਼ ਦੀ ਮੌਤੇ ਮਰੀਂ ਐ 'ਬੱਲ'!
ਕਿ ਜਿਹੜੀ ਮੌਤ ਦਾ ਚਰਚਾ ਛਿੜੇ ਸਾਰੇ ਜਹਾਂ ਅੰਦਰ।

☆

ਉਹ ਦੱਸਣ ਫਿਰ ਦੇਸ਼ ਨੂੰ, ਖਾਈ ਜਾਂਦੈ ਕੌਣ?
ਜੋ ਕਹਿੰਦੇ ਕਿ ਦੇਸ਼ ਵਿਚ, ਹੈ ਲੋਕਾਂ ਦਾ ਰਾਜ।

ਸਿਤਮ ਵੀ ਆਪ ਕਰਦੈ, ਆਪ ਹੀ ਉਸਦਾ ਸਿਲਾ ਦਿੰਦੈ।
ਕਿ ਮੇਰੇ ਹਾਲ 'ਤੇ ਵੀ ਆਪ ਹੀ ਉਹ ਮੁਸਕਰਾ ਦਿੰਦੈ।

ਕਦੇ ਡੋਬੇ ਮੇਰੀ ਬੇੜੀ ਨੂੰ ਘੁੰਮਣਘੇਰੀਆਂ ਅੰਦਰ,
ਕਦੇ ਉਹ ਡੁੱਬਦੀ ਬੇੜੀ ਨੂੰ ਵੀ ਕੰਢੇ ਲਗਾ ਦਿੰਦੈ।

ਜਗਾਈ ਰੱਖਦੈ ਭਾਵੇਂ ਉਹ ਮੇਰੀ ਆਸ ਦਾ ਦੀਵਾ,
ਮਗ਼ਰ ਜਦ ਦਿਲ ਕਰੇ, ਆਪੇ ਹੀ ਉਹ ਇਸਨੂੰ ਬੁਝਾ ਦਿੰਦੈ।

ਬਣਾ ਸਕਦੈ ਜਦੋਂ ਵੀ ਜੀਅ ਕਰੇ ਉਹ ਨਕਸ਼ ਪਾਣੀ 'ਤੇ,
ਜੇ ਚਾਹੇ ਤਾਂ ਲਕੀਰਾਂ ਪੱਥਰਾਂ ਤੋਂ ਵੀ ਮਿਟਾ ਦਿੰਦੈ।

ਕਦੇ ਤਾਂ ਖ਼ੁਦ ਮੇਰੇ ਰਾਹਾਂ 'ਚ ਬਣਕੇ ਫੁੱਲ ਵਿਛ ਜਾਵੇ,
ਕਦੇ ਉਹ ਰਸਤਿਆਂ ਵਿਚ ਆਪ ਹੀ ਕੰਡੇ ਵਿਛਾ ਦਿੰਦੈ।

ਸਤਾਉਂਦਾ ਹੈ ਬੜਾ ਦਿਲ ਨੂੰ ਬੜੇ ਹੀ ਦੁੱਖ ਦਿੰਦੈ ਉਹ,
ਇਨ੍ਹਾਂ ਨੂੰ ਸਹਿਣ ਦਾ ਵੀ ਆਪ ਹੀ ਉਹ ਹੌਸਲਾ ਦਿੰਦੈ।

ਦਿਨੇ ਰਾਤੀਂ ਵਿਖਾਉਂਦੈ ਅੱਖੀਆਂ ਨੂੰ ਖ਼ਾਬ ਉਹ ਪਹਿਲਾਂ,
ਤੇ ਫੇਰ ਆਪੇ ਉਨ੍ਹਾਂ ਖ਼ਾਬਾਂ ਨੂੰ ਉਹ ਮਿੱਟੀ ਮਿਲ਼ਾ ਦਿੰਦੈ।

ਮਨ੍ਹਾ ਕਰਦੈ ਕਿ "ਇਹ ਗੱਲ ਹੋਰ ਨਾ ਦੱਸੀਂ ਕਿਸੇ ਨੂੰ ਵੀ,"
ਇਹੋ ਕਹਿ-ਕਹਿ ਕੇ ਦਿਲ ਦੇ ਰਾਜ਼ ਉਹ ਸਭ ਨੂੰ ਸੁਣਾ ਦਿੰਦੈ।

ਜੇ ਉਸਦਾ ਦਿਲ ਕਰੇ ਤਾਂ ਕਤਲ ਵੀ ਉਹ ਮਾਫ਼ ਕਰ ਦੇਵੇ,
ਮਗ਼ਰ ਉਹ ਬਿਨ ਕਸੂਰੋਂ ਵੀ ਕਦੇ ਸੂਲ਼ੀ ਚੜ੍ਹਾ ਦਿੰਦੈ।

ਸਮਝਣਾ ਓਸਨੂੰ ਮੁਸ਼ਕਿਲ, ਬੁਝਾਰਤ ਹੈ ਉਹ ਗੁੰਝਲਦਾਰ,
ਅਜੇਹੀ ਗੱਲ ਕਰਦੈ 'ਬੱਲ' ਕਿ ਚੱਕਰ 'ਚ ਪਾ ਦਿੰਦੈ।

✫

ਤੂੰ ਲਭਦਾ ਸੀ ਦੌਲਤ ਸ਼ੁਹਰਤ, ਮੈਂ ਲੱਭਦਾ ਸਾਂ ਪਿਆਰ ਤੇਰਾ,
ਵੱਖੋ-ਵੱਖ ਸੀ ਰਸਤੇ ਅਪਣੇ, ਕਿੱਦਾਂ ਇਕ-ਮਿਕ ਹੋ ਜਾਂਦੇ।

ਐ ਮਹਿਰਮਾ! ਮੈਨੂੰ ਖ਼ੁਦਾ ਹੈ ਮਿਲ ਗਿਆ, ਤੇਰੀ ਕਸਮ।
ਪਰ ਕੀ ਕਰਾਂ ਉਹ ਵੀ ਨਹੀਂ ਤੇਰੇ ਜਿਹਾ, ਤੇਰੀ ਕਸਮ।

ਜਦ ਬੇ-ਸਹਾਰਾ ਹੋ ਗਈ ਇਹ ਜ਼ਿੰਦਗੀ ਤਦ ਫੇਰ ਮੈਂ,
ਸੀਨੇ 'ਤੇ ਪੱਥਰ ਧਰ ਲਿਆ ਪੱਥਰ ਦਿਲਾ! ਤੇਰੀ ਕਸਮ।

ਸਾਰੇ ਤਸੀਹੇ ਜ਼ਿੰਦਗੀ ਦੇ ਹੱਸਕੇ ਮੈਂ ਜਰ ਲਏ,
ਇਕ 'ਨਾਂਹ' ਤੇਰੀ ਨੇ ਪਰ ਮੇਰਾ ਦਿਲ ਤੋੜਿਆ, ਤੇਰੀ ਕਸਮ।

ਭਾਵੇਂ ਦਗ਼ਾ ਤੂੰ ਦੇ ਗਿਐਂ, ਪਰ ਫੇਰ ਵੀ ਐ ਸੱਜਣਾ!
"ਤੂੰ ਹੈਂ ਮੇਰਾ, ਤੂੰ ਹੈਂ ਮੇਰਾ" ਦਿਲ ਕਹਿ ਰਿਹਾ, ਤੇਰੀ ਕਸਮ।

ਸੂਲੀ 'ਤੇ ਚਾਹੇ ਟੰਗਦੇ, ਚਾਹੇ ਮਿਰਾ ਸਿਰ ਕੱਪ ਲੈ,
ਪਰ ਸਿਰ ਝੁਕਾ ਸਕਦਾ ਨਹੀਂ ਮੈਂ ਕਾਤਿਲਾ! ਤੇਰੀ ਕਸਮ।

ਜੇਕਰ ਅਜੇ ਨਈ੍ਹੀਂ ਭੁੱਲਿਆ ਤਾਂ ਕਰ ਸਮਾਂ ਉਹ ਯਾਦ ਜਦ,
ਮੈਂ ਸੀ ਕਿਹਾ, "ਤੇਰੀ ਕਸਮ" ਤੂੰ ਸੀ ਕਿਹਾ, "ਤੇਰੀ ਕਸਮ।"

ਮੈਨੂੰ ਤੇਰੇ 'ਤੇ ਮਾਣ ਸੀ, ਜਦ ਤੂੰ ਪਰਾਇਆ ਹੋ ਗਿਆ,
ਮੈਂ ਜਿੱਤ ਕੇ ਜੀਵਨ ਦੀ ਬਾਜ਼ੀ ਹਾਰਿਆ, ਤੇਰੀ ਕਸਮ।

ਜਦ ਵੀ ਜ਼ਰਾ ਤੂੰ ਹੱਸਕੇ ਚਿਹਰੇ ਤੋਂ ਘੁੰਗਟ ਚੁੱਕਿਆ,
ਤਦ ਸੁਹਣਿਆਂ! ਸਾਰਾ ਜਹਾਂ ਰੁਸ਼ਨਾ ਗਿਆ, ਤੇਰੀ ਕਸਮ।

☆

ਜਿੰਨੇ ਵੀ ਪੱਥਰ ਨੇ ਸਾਰੇ, ਆਉਣਗੇ ਤੇਰੇ ਹੀ ਵੱਲ,
ਜੇ ਯਕੀਨ ਆਉਂਦਾ ਨਹੀਂ ਤਾਂ ਵੇਖ ਲੈ ਸਚ ਬੋਲਕੇ।

ਬੁਜ਼ਦਿਲਾਂ ਦੇ ਵਾਂਗ ਜੋ ਜੀਵਨ ਬਿਤਾਇਆ ਕਰਨਗੇ।
ਮੁਸ਼ਕਿਲਾਂ ਤੋਂ ਕਿੰਝ ਉਹ ਪੱਲਾ ਛੁਡਾਇਆ ਕਰਨਗੇ।

ਹਰ ਜਗ੍ਹਾ ਤੋਂ ਮਹਿਕ ਜਦ ਆਵੇਗੀ ਮੇਰੇ ਖ਼ੂਨ ਦੀ,
ਤਦ ਵਤਨ ਵਾਲੇ ਕਿਵੇਂ ਮੈਨੂੰ ਭੁਲਾਇਆ ਕਰਨਗੇ?

ਫੇਰ ਪਰਖਾਂਗੇ ਤੁਹਾਡੀ ਅਣਖ਼, ਗ਼ੈਰਤ ਵਾਲ਼ਿਓ!
ਸੱਚ ਨੂੰ ਜ਼ਾਲਮ ਜਦੋਂ ਸੂਲ਼ੀ ਚੜ੍ਹਾਇਆ ਕਰਨਗੇ।

ਝੂਮਦੀ ਆਇਆ ਕਰੇਗੀ, ਮੇਰੇ ਗੁਲਸ਼ਨ ਵਿਚ ਬਹਾਰ,
ਲੋਕ ਮੇਰੇ ਇਸ਼ਕ ਦੇ ਜਦ ਗੀਤ ਗਾਇਆ ਕਰਨਗੇ।

ਉਹ ਵੀ ਦਿਨ ਆਵੇਗਾ, ਮੇਰੀ ਕਬਰ ’ਤੇ ਜਦ ਗ਼ੈਰ ਵੀ,
ਸਿਰ ਝੁਕਾਇਆ ਕਰਨਗੇ, ਦੀਵੇ ਜਗਾਇਆ ਕਰਨਗੇ।

ਜਦ ਕਿਸੇ ਦੀ ਅਣਖ਼ ’ਤੇ ਖ਼ਤਰਾ ਬਣੇਗਾ ਕਾਤਿਲਾ!
ਅਣਖ਼ ਵਾਲੇ ਝੂਮਦੇ ਮਕਤਲ ’ਚ ਆਇਆ ਕਰਨਗੇ।

ਸਿਰ ਕਲਮ ਹੋਇਆ ਕਰੇਗਾ, ਸਭ ਦਾ ਹੀ ਮੇਰੀ ਤਰ੍ਹਾਂ,
ਹੱਕ ਦੀ ਆਵਾਜ਼ ਜਿਹੜੇ ਵੀ ਉਠਾਇਆ ਕਰਨਗੇ।

‘ਬੱਲ’ ਚੰਗਾ ਸੀ ਵਿਚਾਰਾ ਅਣਖ਼ ਪਿੱਛੇ ਮਰ ਗਿਐ,
ਇਸ ਤਰ੍ਹਾਂ ਕਹਿ-ਕਹਿ ਕੇ ਦੁਸ਼ਮਣ ਮੁਸਕਰਾਇਆ ਕਰਨਗੇ।

✲

ਮੁਕੱਦਰ ਆਪਣੇ ਨੂੰ ਦੋਸ਼ ਵੀ ਆਖਿਰ ਕਿਵੇਂ ਦੇਵਾਂ,
ਕਿ ਤੇਰੇ ਨਾਮ ਦੀ ਇਕ ਲੀਕ ਵੀ ਤਾਂ ਹੈ ਲਕੀਰਾਂ ਵਿਚ।

ਕਰ ਗਏ ਸੱਜਣ ਦਗ਼ਾ ਕੀ ਸੋਚਕੇ?
ਤੂੰ ਦਿਲਾ ਕੀਤੀ ਵਫ਼ਾ ਕੀ ਸੋਚਕੇ?

ਐ ਦਿਲਾ! ਇਸ ਪੱਥਰਾਂ ਦੇ ਸ਼ਹਿਰ 'ਚੋਂ,
ਤੂੰ ਇਹ ਪੱਥਰ ਚੁਣ ਲਿਆ ਕੀ ਸੋਚਕੇ?

ਜਾਣਦਾ ਸੈਂ ਜੇ ਇਹਦਾ ਅੰਜਾਮ ਤਾਂ,
ਪਿਆਰ ਕੀਤਾ ਫਿਰ ਦਿਲਾ ਕੀ ਸੋਚਕੇ?

ਜੇ ਦਿਲਾ! ਅਪਣੇ ਹੀ ਨਈਂ ਅਪਣੇ ਬਣੇ,
ਗ਼ੈਰਾਂ 'ਤੇ ਕਰਦੈਂ ਗ਼ਿਲਾ ਕੀ ਸੋਚਕੇ?

ਖ਼ੁਸ਼ ਬੜੇ ਨੇ ਯਾਰ ਮੇਰੀ ਮੌਤ ਸੁਣ,
ਰੋ ਪਏ ਦੁਸ਼ਮਣ ਭਲਾ ਕੀ ਸੋਚਕੇ?

ਜਾਣ ਕੇ ਅੰਮ੍ਰਿਤ ਅਸੀਂ ਤਾਂ ਪੀ ਲਿਆ,
ਜ਼ਹਿਰ ਤੂੰ ਦਿੱਤਾ ਪਿਲਾ ਕੀ ਸੋਚਕੇ?

'ਬੱਲ' ਹੈ ਯਾਰੋ ਬੜਾ ਹੀ ਬੇਵਫ਼ਾ,
ਕਰਦੇ ਹੋ ਉਸ 'ਤੇ ਗ਼ਿਲਾ ਕੀ ਸੋਚਕੇ?

☆

ਹੌਲ਼ੀ-ਹੌਲ਼ੀ ਇਕ-ਇਕ ਕਰਕੇ, ਸਾਰੇ ਹੀ ਟੁਟ ਚੱਲੇ ਨੇ,
ਮੈਂ ਤੇ ਦਿਲ ਨੈਣਾਂ ਵਿਚ ਜਿਹੜੇ, ਖ਼ਾਬ ਸਜਾਈ ਬੈਠੇ ਸਾਂ।

ਲਗਦੈ ਦੁਨੀਆ ਖੋਹ ਲਿਆ, ਉਸਦਾ 'ਰਾਂਝਣ ਯਾਰ'।
ਮਰੀ ਜੋ ਗੱਡੀ ਹੇਠ ਆ, ਕੱਲ੍ਹ ਹੀਰ ਜਿਹੀ ਮੁਟਿਆਰ।

ਡੀਕ ਪਿਆਲਾ ਜ਼ਹਿਰ ਦਾ, ਉਹ ਕਹਿ ਗਈ ਜਾਂਦੀ ਵਾਰ।
"ਫੇਰ ਨਾ ਕਹਿਣਾ ਕਿ ਨਹੀਂ, ਰੰਨਾਂ ਦਾ ਇਤਬਾਰ।"

ਲਾਉਣ ਨਜ਼ਰ ਨਾ ਵੇਖਕੇ, ਇਹ ਡੁਬ ਜਾਣੇ ਲੋਕ,
ਪਲਕਾਂ ਹੇਠ ਲੁਕਾ ਲਿਐ, ਮੈਂ ਤਾਂ ਹੀ ਦਿਲਦਾਰ।

ਕੌਣ ਕਿਸੇ ਲਈ ਰੱਖਦੈ, ਯਾਰ ਤਲੀ 'ਤੇ ਜਾਨ,
ਮਤਲਬ ਖ਼ਾਤਰ ਯਾਰੀਆਂ, ਮਤਲਬ ਦੇ ਸਭ ਯਾਰ।

ਯਾਰ ਜਲੰਧਰ ਸ਼ਹਿਰ ਦੇ, ਕਰਨ ਅਜੇ ਤਕ ਯਾਦ,
ਹੁੰਦਾ ਸੀ ਏਥੇ ਕਦੇ, ਇਕ ਯਾਰਾਂ ਦਾ ਯਾਰ।

ਸਭ ਹੀਲੇ ਕਰ ਵੇਖ ਲਏ, ਕੋਈ ਨਾ ਆਇਆ ਕੰਮ,
ਅੰਤਿਮ ਹੀਲਾ ਹੈ ਇਹੋ, ਚੁੱਕ ਲਵੋ ਤਲਵਾਰ।

ਅਜ ਤੱਕ ਕੰਨੀਂ ਗੂੰਜਦੇ, ਓਸ ਕੁੜੀ ਦੇ ਬੋਲ,
'ਜੋ ਦੁਨੀਆ ਤੋਂ ਡਰ ਗਿਆ, ਉਸ ਕੀ ਕਰਨੈ ਪਿਆਰ।'

ਅਜ-ਕਲ੍ਹ ਵੀ ਉਸ ਮੋੜ 'ਤੇ, ਆ ਕੇ ਭਰ ਆਉਂਦੇ ਨੈਣ,
ਆਪਾਂ ਜਿਹੜੇ ਮੋੜ 'ਤੇ, ਮਿਲੇ ਸਾਂ ਪਹਿਲੀ ਵਾਰ।

ਬਹੁਤ ਫਰੇਬੀ ਨਿਕਲਿਓਂ, ਐ "ਹਰਜਿੰਦਰ ਬੱਲ"!
ਅਪਣਾ ਮਤਲਬ ਕੱਢ ਕੇ, ਗਿਓਂ ਉਡਾਰੀ ਮਾਰ।

☆

ਸੱਚ ਬੋਲਣ ਦਾ ਹੈ ਏਨਾ ਸ਼ੌਕ ਤਾਂ ਫਾਂਸੀ ਲਈ,
ਰੱਸੀਆਂ ਪਾ ਕੇ ਗਲ਼ਾਂ ਵਿਚ, ਫਿਰ ਘਰੋਂ ਤੁਰਿਆ ਕਰੋ।

ਉਹ ਹੱਥਾਂ 'ਤੇ ਉਠਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।
ਮੇਰੇ ਹੀ ਗੀਤ ਗਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਤੇਰੇ ਹੀ ਕਹਿਣ 'ਤੇ ਜਦ ਤੋੜਦੇ ਸੀ ਅੰਬਰੋਂ ਤਾਰੇ,
ਅਸੀਂ ਤੇਰੇ ਕਹਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਖ਼ੁਦਾ ਜਾਣੇ ਤੇਰੇ ਘਰ ਆਉਣ ਤੋਂ ਕਿਉਂ ਝਿਜਕਦੇ ਹਾਂ ਹੁਣ,
ਜਦੋਂ 'ਘਰ' ਵਾਂਗ ਆਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਝੁਕਾ ਲੈਂਦੇ ਨੇ ਹੁਣ ਨਜ਼ਰਾਂ, ਜੋ ਸਾਨੂੰ ਵੇਖ ਕੇ ਇਕਦਮ,
ਉਹ ਜਦ ਨਜ਼ਰਾਂ ਮਿਲਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਜੋ ਖ਼ੁਸ਼ ਹੁੰਦੇ ਨੇ ਜ਼ਖ਼ਮਾਂ ਮੇਰਿਆਂ 'ਤੇ ਲੂਣ ਪਾ ਕੇ ਹੁਣ,
ਉਹ ਜਦ ਮਰਹਮ ਲਗਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਬੁਲਾਇਆਂ ਵੀ ਉਹ ਮੇਰੇ ਨਾਲ ਖ਼ਬਰੇ ਬੋਲਦੇ ਕਿਉਂ ਨਹੀਂ,
ਜਦੋਂ ਉਹ ਖ਼ੁਦ ਬੁਲਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਗ਼ਜ਼ਲ ਨੂੰ 'ਗ਼ਜ਼ਲ' ਹੀ ਕਹਿੰਦੇ ਸੀ ਜੋ ਉਹ ਵੀ ਅਦੀਬਾਂ ਵਿਚ,
ਜਦੋਂ ਸ਼ਾਇਰ ਕਹਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

'ਰਸੇ ਫਲ ਤੋੜਨਾ ਸਾਡਾ ਮਨ੍ਹਾ ਹੈ', ਪਰ ਇਨ੍ਹਾਂ ਤੋਂ ਜਦ,
ਅਸੀਂ ਤੋਤੇ ਉਡਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਉਡੀਕਾਂ ਮੇਰੀਆਂ ਵਿਚ ਹਰ ਸਮੇਂ ਅਪਣੇ ਬਨੇਰੇ ਤੋਂ,
ਜਦੋਂ ਉਹ ਕਾਂ ਉਡਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਤੂੰ ਜਾਣਾ ਹੈ ਤਾਂ ਜਾਹ ਹੁਣ ਨਈਂ ਉਨ੍ਹਾਂ ਨੇ ਆਖਣਾ 'ਬਹਿ ਜਾ',
ਉਹ ਜਦ ਫੜ-ਫੜ ਬਿਠਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਝਮੇਲੇ ਜ਼ਿੰਦਗੀ ਦੇ ਮੁਸਕਰਾਹਟਾਂ ਖਾ ਗਏ ਨੇ ਸਭ,
ਅਸੀਂ ਜਦ ਮੁਸਕਰਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਕਿ ਹੁਣ ਤਾਂ ਰਾਤ ਭਰ ਸੋਚਾਂ ਤੋਂ ਨਈਂ ਖਹਿੜਾ ਛੁਡਾ ਹੁੰਦਾ,
ਤੇਰੇ ਜਦ ਖ਼ਾਬ ਆਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

'ਮਨ੍ਹਾਂ ਹੈ ਬਾਗ ਵਿਚ ਫਿਰਨਾ ਅਸਾਡਾ' - ਪਰ ਅਸੀਂ ਇਸਨੂੰ,
ਜਦੋਂ ਹੱਥੀਂ ਲਗਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਭੁਲਾ ਦਿੱਤੈ ਜਿਨ੍ਹਾਂ ਸਾਨੂੰ, ਉਹ ਸਾਡੇ ਰਸਤਿਆਂ ਦੇ ਵਿਚ,
ਜਦੋਂ ਨਜ਼ਰਾਂ ਵਿਛਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

ਉਨ੍ਹਾਂ ਦੇ ਨਾਲ ਵੇਖੀਂ ਰੁੱਸ ਨਾ ਬੈਠੀਂ ਕਿਤੇ ਐ 'ਬੱਲ'!
ਉਹ ਰੁੱਸੇ ਨੂੰ ਮਨਾਉਂਦੇ ਸੀ, ਉਦੋਂ ਦਿਨ ਹੋਰ ਹੁੰਦੇ ਸੀ।

✫

ਮੈਂ ਏਨੇ ਰਾਜ਼ ਹੁਣ ਤਕ ਆਪਣੇ ਸੀਨੇ 'ਚ ਦੱਬੇ ਨੇ,
ਕਿ ਹੁਣ ਲਗਦੈ ਜਿਵੇਂ ਸੀਨੇ 'ਚ ਦਿਲ ਨਹੀਂ ਕਬਰਗਾਹ ਹੋਵੇ।

ਜੇ ਸਭ ਗੁੱਸੇ ਗਿਲੇ ਦਿਲ 'ਚੋਂ ਭੁਲਾ ਲੈਂਦੇ ਤਾਂ ਚੰਗਾ ਸੀ।
ਗਲ਼ੇ ਮਿਲ ਕੇ ਅਗ਼ਰ ਆਪਾਂ ਵਿਦਾ ਲੈਂਦੇ ਤਾਂ ਚੰਗਾ ਸੀ।

ਗ਼ਮਾਂ ਤੋਂ ਪਲ ਦੋ ਪਲ ਪੱਲਾ ਛੁਡਾ ਲੈਂਦੇ ਤਾਂ ਚੰਗਾ ਸੀ।
ਅਸੀਂ ਵੀ ਪਲ ਦੋ ਪਲ ਖ਼ੁਸ਼ੀਆਂ ਮਨਾ ਲੈਂਦੇ ਤਾਂ ਚੰਗਾ ਸੀ।

ਲੁਕਾਈ ਰੱਖਿਆ ਦਿਲ ਵਿਚ ਤਾਂ ਇਸ ਨੇ ਜ਼ਹਿਰ ਬਣ ਜਾਣੈਂ,
ਕਿਸੇ ਨੂੰ ਦਰਦ ਜੇ ਦਿਲ ਦਾ ਸੁਣਾ ਲੈਂਦੇ ਤਾਂ ਚੰਗਾ ਸੀ।

ਸਮਝ ਸਕਿਆ ਨਾ ਤੂੰ ਮੈਨੂੰ, ਨਾ ਮੈਂ ਤੈਨੂੰ ਸਮਝ ਸਕਿਆ,
ਜੇ ਇਕ ਦੂਜੇ ਦੇ ਦਿਲ ਦਾ ਭੇਦ ਪਾ ਲੈਂਦੇ ਤਾਂ ਚੰਗਾ ਸੀ।

ਇਹ ਜੀਵਨ ਦਾ ਸਫ਼ਰ ਐ ਦਿਲ! ਕਿਵੇਂ 'ਕੱਲੇ ਮੁਕਾਵਾਂਗੇ?
ਕਿਸੇ ਨੂੰ ਹਮਸਫ਼ਰ ਅਪਣਾ ਬਣਾ ਲੈਂਦੇ ਤਾਂ ਚੰਗਾ ਸੀ।

ਮੁਹੱਬਤ ਵਿਚ ਜਦੋਂ ਡਿੱਗੇ ਸਾਂ ਮੂੰਹ ਦੇ ਭਾਰ ਪਹਿਲੀ ਵਾਰ,
ਅਗ਼ਰ ਕੰਨਾਂ ਨੂੰ ਹੱਥ ਓਦੋਂ ਹੀ ਲਾ ਲੈਂਦੇ ਤਾਂ ਚੰਗਾ ਸੀ।

ਬਣਾਉਂਦੇ ਨਾ ਕਦੇ ਲੋਕੀਂ ਇਵੇਂ ਖੰਭਾਂ ਦੀਆਂ ਡਾਰਾਂ,
ਜੇ ਆਪਾਂ ਦਿਲ ਦੀਆਂ ਦਿਲ ਵਿਚ ਲੁਕਾ ਲੈਂਦੇ ਤਾਂ ਚੰਗਾ ਸੀ।

ਤੁਸੀਂ ਕੰਨਾਂ ਦੇ ਕੱਚੇ ਸੀ, ਕਿਨਾਰਾ ਕਰ ਗਏ ਸਾਥੋਂ,
ਮਗ਼ਰ ਇਕ ਵਾਰ ਸਾਨੂੰ ਆਜ਼ਮਾ ਲੈਂਦੇ ਤਾਂ ਚੰਗਾ ਸੀ।

ਸਮਾਂ ਹੱਥੋਂ ਗੁਆ ਕੇ ਸੋਚਦੇ ਤੇ ਝੂਰਦੇ ਹਾਂ ਹੁਣ,
ਜੇ ਰੁੱਸੇ ਯਾਰ ਨੂੰ ਓਦੋਂ ਮਨਾ ਲੈਂਦੇ ਤਾਂ ਚੰਗਾ ਸੀ।

ਅਸਾਡੇ ਦਿਲ ਦੀਆਂ ਰਖੀਆਂ-ਰਖਾਈਆਂ ਰਹਿ ਗਈਆਂ ਦਿਲ ਵਿਚ,
ਜੇ ਤੈਨੂੰ ਦਿਲ ਦੀਆਂ 'ਕੇਰਾਂ ਸੁਣਾ ਲੈਂਦੇ ਤਾਂ ਚੰਗਾ ਸੀ।

✰

ਗੀਤ ਮੇਰੇ ਨਿਤ ਪੁੱਛਣ ਮੈਨੂੰ, ਅਪਣੇ ਕੋਲ ਬਿਠਾ।
ਦੱਸ ਭਲਾ ਤੂੰ ਕਿਉਂ ਲੈਨਾ ਏਂ, ਹਉਕੇ ਵਰਗੇ ਸਾਹ ?

ਬਚ ਕੇ ਰਹੀਂ ਤੈਨੂੰ ਕਿਹਾ ਸੀ, ਮੈਂ ਮੇਰੇ ਦਿਲ ਪਾਗਲਾ!
ਪਰ ਸਮਝਿਆ ਨਾ ਦੁਸ਼ਮਣਾ! ਤੂੰ ਫੇਰ ਧੋਖਾ ਖਾ ਲਿਆ।

ਜਿਹੜਾ ਜ਼ਮਾਨਾ ਹੱਸਦਾ ਸੀ, ਮੈਨੂੰ ਰੋਂਦਾ ਵੇਖ ਕੇ,
ਅਜ ਹੱਸਦਾ ਹਾਂ ਮੈਂ ਤਾਂ ਹੈ ਓਹੀ ਜ਼ਮਾਨਾ ਰੋ ਰਿਹਾ।

ਅਸਮਾਨ ਤੋਂ ਡਿੱਗਾ ਤਾਂ ਸ਼ਾਇਦ ਬਚ ਹੀ ਜਾਵੇ ਦੋਸਤੋ!
ਬਚ ਨਹੀਂ ਸਕਦਾ ਮਗ਼ਰ ਜੋ ਵੀ ਨਜ਼ਰ 'ਚੋਂ ਡਿੱਗਿਆ।

ਜਦ ਹੋ ਗਿਆ ਨੀਲਾਮ ਸਜਣਾ! ਪਿਆਰ ਵੀ ਘਰ-ਬਾਰ ਵੀ,
ਕਿਹੜੇ ਸਹਾਰੇ ਜੀਵਾਂ ਹੁਣ, ਕਿਹੜਾ ਸਹਾਰਾ ਰਹਿ ਗਿਆ?

ਅਜ ਅੱਧੀ ਰਾਤੀਂ ਚੰਨ ਮੈਂ ਜਦ ਵੇਖਿਆ ਅਸਮਾਨ 'ਤੇ,
ਤਦ ਸੁਹਣਿਆ! ਤੇਰੀ ਕਸਮ, ਤੇਰਾ ਭੁਲੇਖਾ ਪੈ ਗਿਆ।

ਪੁਛਦੇ ਨੇ ਮੇਰੇ ਯਾਰ ਸਭ ਕਿਉਂ 'ਬੱਲ' ਤੂੰ ਕਹਿੰਦੈਂ ਗ਼ਜ਼ਲ?
ਐ ਬੇਵਫ਼ਾ! ਆ ਦੱਸ ਤੂੰ ਹੀ, ਮੈਂ ਕਿਵੇਂ ਦੱਸਾਂ ਭਲਾ!

☆

ਇਹ ਗ਼ਮ ਹੈ ਜ਼ਿੰਦਗ਼ੀ ਮੇਰੀ, ਨਾ ਮੈਥੋਂ ਖੋਹ ਲਵੀਂ ਰੱਬਾ!
ਲਿਆ ਹੈ ਮੈਂ ਇਹ ਗ਼ਮ, ਸਭ ਦਿਲ ਦੀਆਂ ਖੁਸ਼ੀਆਂ ਅਦਾ ਕਰਕੇ।

ਮੁੱਦਤ ਪਹਿਲਾਂ ਸੱਜਣ ਹਾਸੇ ਵਿੱਚ ਗਵਾਚੇ ਜੋ।
ਅੱਥਰੂਆਂ 'ਚੋਂ ਮਿਲਦੀ ਹੈ ਹੁਣ ਉਹਨਾਂ ਦੀ ਕਨਸੋ।

ਇਕ ਦੂਜੇ ਵੱਲ ਡਿੱਠਾ ਕੋਈ ਗੱਲ ਸਕੀ ਨਾ ਹੋ।
ਏਨੇ ਵਿਚ ਹੀ ਸਾਡੇ ਤੋਂ ਉਹ, ਲੈਗੇ ਸਭ ਕੁਝ ਖੋਹ।

ਸੱਜਣ ਬਹੁਤੇ ਕਾਹਲ਼ਿਆ! ਦੋ ਪਲ ਹੋਰ ਖਲੋ।
ਵਰ੍ਹਿਆਂ ਬਾਅਦ ਮਿਲੇ ਆਂ, ਬਹਿ ਕੇ ਗੱਲਾਂ ਕਰੀਏ ਦੋ।

ਤੇਰੇ ਵਰਗਾ ਨਾਹੀਂ ਅੱਖਾਂ ਅਜ ਤਕ ਡਿੱਠਾ ਜੋ।
ਨਾ ਕੋਈ ਫੁੱਲ ਗੁਲਾਬ ਦਾ, ਨਾ ਚੰਦਾ ਦੀ ਲੋ।

ਸੁਣਿਐਂ ਕਿ ਹੁੰਦੇ ਨੇ ਅਜ ਕਲ੍ਹ ਕੰਨ ਹਵਾਵਾਂ ਦੇ ਵੀ,
ਆ ਮੇਰੇ ਨੈਣਾਂ 'ਚੋਂ ਪੜ੍ਹ ਲੈ ਮੇਰੇ ਦਿਲ ਵਿਚ ਜੋ।

ਜੀਅ ਕਰਦੈ ਕਿ ਪੀਲਾਂ ਤੈਨੂੰ, ਲਾ ਕੇ ਇੱਕੋ ਡੀਕ,
ਜਾਂ ਤੈਨੂੰ ਨੈਣੀਂ ਬੰਦ ਕਰਕੇ, ਬਹਿਜਾਂ ਪਲਕਾਂ ਢੋ।

ਗੱਲ ਸਿਆਣੇ ਆਖ ਗਏ, ਸੋਲ੍ਹਾਂ ਆਨੇ ਸੱਚ,
ਜਿਸ ਤਨ ਲੱਗੇ ਸੋਈ ਜਾਣੇ, ਹੋਰ ਨਾ ਜਾਣੇ ਕੋ।

ਯਾਦ ਜਦੋਂ ਵੀ ਆਵੇ ਤੇਰੇ ਨਾਲ ਗੁਜ਼ਾਰੀ ਸ਼ਾਮ,
ਮੱਲੋ-ਮੱਲੀ ਹੁਣ ਵੀ ਪੈਂਦੇ ਨੈਣੋਂ ਅਥਰੂ ਚੋ।

ਜਿਸ ਦਿਨ ਭਾਂਬੜ ਬਣਕੇ ਮੱਚੀ, ਸਭ ਕੁਝ ਕਰਦੂ ਰਾਖ,
'ਬੱਲ' ਗ਼ਮਾਂ ਦੀ ਅੱਗ ਨਾ, ਬੁੱਕਲ ਵਿੱਚ ਲੁਕੋ।

☆

ਮੇਰਾ ਦਿਲ ਰੋਜ਼ ਕਹਿੰਦੈ ਚਲ ਜਹਾਨੋਂ ਕੂਚ ਕਰ ਚਲੀਏ,
ਮਗ਼ਰ ਮੈਂ ਕੀ ਕਰਾਂ ਤੂੰ ਵੀ ਤਾਂ ਰਹਿਨਾ ਏਂ ਜਹਾਨ ਅੰਦਰ।

ਤਨਹਾਈ ਸੰਗ ਲੜਦਾ ਮਰਦਾ ਰਹਿਨਾ ਵਾਂ।
ਮੈਂ ਅਪਣਾ ਪਰਛਾਵਾਂ ਫੜਦਾ ਰਹਿਨਾ ਵਾਂ।

ਮੇਰੇ ਵਾਂਗਰ ਕਿਉਂ ਇਹ ਗੁੰਮ-ਸੁੰਮ ਰਹਿਣ ਸਦਾ,
ਮੈਂ ਕੰਧਾਂ ਦੇ ਚਿਹਰੇ ਪੜ੍ਹਦਾ ਰਹਿਨਾ ਵਾਂ।

ਤੇਜ਼ ਹਵਾਵਾਂ ਵਿਚ ਬਲ਼ਦੇ ਦੀਵੇ ਵਾਂਗੂੰ,
ਹਰ ਵੇਲੇ ਮੈਂ ਜਗਦਾ-ਬੁਝਦਾ ਰਹਿਨਾ ਵਾਂ।

ਆਪੇ ਮਹਿਲ ਉਸਾਰਾਂ, ਆਪੇ ਢਾਹ ਕੇ ਮੈਂ,
ਦੋਸ਼ ਸਦਾ ਹੋਰਾਂ ਸਿਰ ਮੜ੍ਹਦਾ ਰਹਿਨਾ ਵਾਂ।

ਨਾ ਜਾਣੇ ਇਹ ਮੈਨੂੰ ਕੀ ਹੁੰਦਾ ਜਾਂਦੈ,
ਆਪਣੀਆਂ ਸੋਚਾਂ ਸੰਗ ਲੜਦਾ ਰਹਿਨਾ ਵਾਂ।

ਅੱਲ੍ਹਾ ਜਾਣੇ ਕਿਉਂ ਉਸਦੇ ਦਿਲ ਦੇ ਬਾਗ਼ੀਂ,
ਫੁੱਲ ਬਣਕੇ ਮੈਂ ਖਿੜਦਾ-ਝੜਦਾ ਰਹਿਨਾ ਵਾਂ।

ਅੱਲ੍ਹੜ ਉਮਰੇ ਹੱਥੀਂ ਬਾਲ਼ੀ ਸੀ ਜਿਹੜੀ,
ਓਸੇ ਅੱਗ 'ਚ ਹੁਣ ਵੀ ਸੜਦਾ ਰਹਿਨਾ ਵਾਂ।

☆

ਦਿਲ ਵੀ ਥਰ-ਥਰ ਕੰਬਿਆ, ਭਰ ਭਰ ਡੁੱਲ੍ਹੇ ਨੈਣ,
ਤੇਰਾ ਨੰਬਰ ਫੋਨ 'ਚੋਂ, ਕੀਤਾ ਜਦੋਂ ਇਰੇਜ਼।

ਜਦ ਵੀ ਕੋਈ ਦਿਲ ਨੂੰ ਸਤਾਉਂਦੈ, ਅੱਥਰੂ ਰੁਕਦੇ ਨਹੀਂ।
ਪਰ ਜੇ ਕੋਈ ਧੀਰਜ ਬੰਨ੍ਹਾਉਂਦੈ, ਅੱਥਰੂ ਰੁਕਦੇ ਨਹੀਂ।

ਜੋੜਾ ਕੋਈ ਘੁੱਗੀਆਂ ਦਾ ਜਦ, ਅੱਖੀਆਂ ਦੇ ਸਾਹਵੇਂ ਬੈਠਕੇ,
ਆਪਸ ਦੇ ਵਿਚ ਚੁੰਝਾਂ ਲੜਾਉਂਦੈ, ਅੱਥਰੂ ਰੁਕਦੇ ਨਹੀਂ।

ਏਨੇ ਦੁਖਾਏ ਤੇ ਖਰੋਚੇ, ਜ਼ਖ਼ਮ ਦਿਲ ਦੇ ਯਾਰ ਨੇ,
ਜੇਕਰ ਕੋਈ ਮਰਹਮ ਲਗਾਉਂਦੈ, ਅੱਥਰੂ ਰੁਕਦੇ ਨਹੀਂ।

ਜੋ ਵਾਰਦਾ ਸੀ ਜਾਨ ਤੇ, ਲੈਂਦਾ ਸੀ ਮੇਰੇ ਸਾਹ 'ਚ ਸਾਹ,
ਹੁਣ ਵੀ ਜਦੋਂ ਉਹ ਯਾਦ ਆਉਂਦੈ, ਅੱਥਰੂ ਰੁਕਦੇ ਨਹੀਂ।

ਮੈਂ ਵਿਛ ਗਿਆ ਸਾਂ ਫੁੱਲ ਬਣਕੇ, ਜਿਸਦਿਆਂ ਰਾਹਾਂ ਦੇ ਵਿਚ,
ਉਹ ਵੀ ਜਦੋਂ ਅੱਖਾਂ ਵਿਖਾਉਂਦੈ, ਅੱਥਰੂ ਰੁਕਦੇ ਨਹੀਂ।

ਏਨਾ ਸਤਾਇਆ ਤੇ ਰੁਆਇਆ, ਤੂੰ ਮੇਰੇ ਦਿਲਜਾਨੀਆ!
ਜਦ ਵੀ ਕੋਈ ਹੱਸਕੇ ਬੁਲਾਉਂਦੈ, ਅੱਥਰੂ ਰੁਕਦੇ ਨਹੀਂ।

ਹਸਿਆਂ-ਹਸਾਇਆਂ ਨੂੰ ਜ਼ਮਾਨਾ ਬੀਤਿਐ, ਹੁਣ ਤਾਂ ਕਦੇ,
ਹਾਸਾ ਵੀ ਜੇ ਬੁੱਲ੍ਹਾਂ 'ਤੇ ਆਉਂਦੈ, ਅੱਥਰੂ ਰੁਕਦੇ ਨਹੀਂ।

"ਜਿੱਦਾਂ ਮੈਂ ਤੈਨੂੰ ਭੁੱਲਿਆਂ, ਭੁੱਲ ਜਾਹ ਤੂੰ ਵੀ ਉਵੇਂ" ਜਦੋਂ,
ਗੀਤਾਂ 'ਚ ਉਹ ਲਿਖ-ਲਿਖ ਸੁਣਾਉਂਦੈ, ਅੱਥਰੂ ਰੁਕਦੇ ਨਹੀਂ।

ਮੇਰਾ ਵੀ ਦਿਲ ਕਰਦੈ ਵਰਾਵੇ, ਰੋਂਦੇ ਨੂੰ ਆ ਕੇ ਕੋਈ,
ਪਰ ਜਦ ਕੋਈ ਗਲ਼ ਲਾ ਵਰਾਉਂਦੈ, ਅੱਥਰੂ ਰੁਕਦੇ ਨਹੀਂ।

☆

ਖੋਹ ਲਿਐ ਤੈਨੂੰ ਜਿਨ੍ਹਾਂ, ਮੇਰੇ ਕੋਲੋਂ ਹੀ ਸੁਹਣਿਆ!
ਐਸੀਆਂ ਮੈਂ ਤੇਰੀਆਂ, ਮਸ਼ਹੂਰੀਆਂ ਨੂੰ ਕੀ ਕਰਾਂ?

ਰੁੱਤ ਬਹਾਰਾਂ ਦੀ ਗੁਲਸ਼ਨ ਮੁਰਝਾਇਆ ਹੈ।
ਯਾਰੋ! ਇਹ ਕਿੱਦਾਂ ਦਾ ਮੌਸਮ ਆਇਆ ਹੈ?

ਸੁੱਕੀ ਰੋਟੀ ਖਾ ਕੇ, ਸਬਰ ਦੇ ਘੁੱਟ ਪੀ ਕੇ,
ਅਪਣਾ ਭੁੱਖਾ ਪੇਟ ਅਸਾਂ ਵਰਚਾਇਆ ਹੈ।

ਟੁੱਟਾ ਦਿਲ ਹੈ ਜਾਂ ਫਿਰ ਹੰਝੂ ਹਉਕੇ ਨੇ,
ਅਪਣਾ ਤਾਂ ਬੱਸ ਏਹੋ ਹੀ ਸਰਮਾਇਆ ਹੈ।

ਦੁਨੀਆ ਭਰ ਦੇ ਗ਼ਮ ਲਿਖਕੇ ਮੇਰੇ ਭਾਗੀਂ,
ਰੱਬਾ! ਤੇਰੇ ਹੱਥ ਭਲਾ ਕੀ ਆਇਆ ਹੈ?

ਮੈਨੂੰ ਉਸ ਕਮਰੇ ਵਿਚ ਨੀਂਦਰ ਆਉਂਦੀ ਨਈਂ,
ਜੋ ਕਮਰਾ ਮੈਂ ਕਰਜ਼ਾ ਲੈ ਕੇ ਪਾਇਆ ਹੈ।

ਸੁਣਿਐਂ ਕੱਲ੍ਹ ਠਾਣੇ ਵਿਚ ਚਰਚਾ ਹੁੰਦੀ ਸੀ,
ਮੇਰੀ ਕਵਿਤਾ ਵਾਹਵਾ ਰੰਗ ਜਮਾਇਆ ਹੈ।

ਬੋਲ ਕੁੜੇ ਤਸਵੀਰੇ! ਸੁਹਣੇ ਯਾਰ ਦੀਏ!
ਮੈਂ ਬੜਿਆਂ ਹੀ ਚਾਵਾਂ ਨਾਲ ਬੁਲਾਇਆ ਹੈ।

✲

ਬੜੀ ਮੁਸ਼ਕਿਲ ਹੋਈ ਪਹਿਚਾਣ ਕਰਨੀ ਦੁਸ਼ਮਣਾਂ ਦੀ ਹੁਣ,
ਪਤਾ ਨਹੀਂ ਡਰ ਜਿਹਾ ਕਿਉਂ ਲੱਗਦੈ ਹੁਣ ਦੋਸਤਾਂ ਕੋਲ਼ੋਂ!

ਜੇ ਹਕ ਲੈਣੈ ਤਾਂ ਫਿਰ ਸੂਲ਼ੀ ਉਤੇ ਵੀ ਨੱਚਣਾ ਪੈਣੈਂ।
ਤਰੀਕਾ ਦੋਸਤੋ! ਇਹ ਸਾਰਿਆਂ ਨੂੰ ਦੱਸਣਾ ਪੈਣੈਂ।

ਤੁਸੀਂ ਵੀ ਰਲ਼ਣਾ ਚਾਹੁੰਦੇ ਹੋ ਜੇ ਸਾਡੇ ਕਾਫ਼ਿਲੇ ਦੇ ਵਿਚ,
ਤਾਂ ਅਪਣਾ ਸਿਰ ਤਲੀ 'ਤੇ ਸਾਰਿਆਂ ਨੂੰ ਰੱਖਣਾ ਪੈਣੈਂ।

ਮੁਸੀਬਤ ਵਿਚ ਨਾ ਘਬਰਾ ਜੇ ਦਿਲਾ! ਪੁੱਜਣੈਂ ਮੁਕਾਮ ਉੱਤੇ,
ਮੁਸੀਬਤ ਸਹਿ ਕੇ ਤੈਨੂੰ ਇਹਨੀਂ ਰਾਹੀਂ ਚੱਲਣਾ ਪੈਣੈਂ।

ਤੁਹਾਡਾ ਖ਼ੂਨ ਪੀ ਪੀ ਕੇ, ਜੋ ਪਲਦੇ ਨੇ ਜਹਾਨ ਅੰਦਰ,
ਇਨ੍ਹਾਂ ਨਾਗਾਂ ਦੀਆਂ ਸਿਰੀਆਂ ਨੂੰ ਮਿਲ਼ਕੇ ਮਿੱਧਣਾ ਪੈਣੈਂ।

ਭਟਕਦੇ ਫਿਰ ਰਹੇ ਨੇ ਲੋਕ ਜਿਹੜੇ ਬਿੱਖੜੇ ਰਾਹੀਂ,
ਸਹੀ ਰਸਤਾ ਇਨ੍ਹਾਂ ਨੂੰ ਦੋਸਤੋ! ਹੁਣ ਦੱਸਣਾ ਪੈਣੈਂ।

ਜੋ ਖ਼ੁਦ ਕੁਝ ਕਰ ਨਹੀਂ ਸਕਦੇ, ਸਗੋਂ ਰਾਹ ਦੀ ਰੁਕਾਵਟ ਹਨ,
ਅਜੇਹੇ ਸਾਥੀਆਂ ਬਾਰੇ ਵੀ ਹੁਣ ਕੁਝ ਸੋਚਣਾ ਪੈਣੈਂ।

ਤੁਸੀਂ ਵੀ ਇਸ਼ਕ ਦੀ ਮੰਜ਼ਿਲ ਜੇ ਪਾਉਣੀ ਹੈ ਤਾਂ ਫਿਰ ਯਾਰੋ!
ਸਿਰਾਂ 'ਤੇ ਬੰਨ੍ਹ ਕੇ ਕੱਫਣ ਘਰਾਂ 'ਚੋਂ ਨਿਕਲਣਾ ਪੈਣੈਂ।

ਮੇਰੇ ਕਾਤਿਲ! ਜ਼ਰਾ ਸੁਣ ਲੈ, ਮੇਰਾ ਇਹ ਖ਼ੂਨ ਕੀ ਕਹਿੰਦੈ,
ਕਿ ਤੈਨੂੰ ਸੁੱਟ ਕੇ ਤਲਵਾਰ ਇਕ ਦਿਨ ਭੱਜਣਾ ਪੈਣੈਂ।

✲

ਆਦਿ, ਅੰਤ ਨਾ ਮੱਧ ਹੀ, ਨਾ ਕੋਈ ਸਿਰਲੇਖ।
ਕਿਹੜੇ ਵੇਲੇ ਰੱਬ ਜੀ! ਲਿਖਤੇ ਸਾਡੇ ਲੇਖ।

ਇਕੱਲੀ ਜਾਨ ਮੇਰੀ ਨੂੰ ਜ਼ਮਾਨੇ ਭਰ ਦੇ ਗ਼ਮ ਸੱਜਣਾ!
ਮੇਰੇ ਤੋਂ ਸਹਿ ਨਹੀਂ ਹੁੰਦੇ, ਹੁਣ ਇਹ ਤੇਰੀ ਕਸਮ ਸੱਜਣਾ!

ਜੀ ਭਰਕੇ ਵੇਖ ਲਾਂ ਤੈਨੂੰ, ਇਹੋ ਹੈ ਆਖ਼ਰੀ ਖ਼ਾਹਿਸ਼,
ਪਤਾ ਨਹੀਂ ਕਿਸ ਘੜੀ ਹੁਣ ਸਾਥ ਛੱਡ ਜਾਵੇ ਇਹ ਦਮ ਸੱਜਣਾ!

ਅਸੰਭਵ ਹੈ ਕਸਮ ਖਾ ਕੇ ਵਫ਼ਾ ਦੀ ਤੋੜ ਦੇਈਏ ਹੁਣ,
ਜਦੋਂ ਤੱਕ ਜ਼ਿੰਦਗ਼ੀ ਹੋਈ, ਨਿਭਾਵਾਂਗੇ ਕਸਮ ਸੱਜਣਾ!

ਮੇਰੇ ਬੇ-ਆਸਰੇ ਦਿਲ ਨੂੰ, ਤੂੰ ਜੋ ਇਹ ਆਸਰਾ ਦਿੱਤੈ,
ਨਹੀਂ ਬਦਲਾ ਚੁਕਾ ਸਕਦਾ ਮੈਂ ਇਸਦਾ ਸੌ ਜਨਮ ਸੱਜਣਾ!

ਖ਼ੁਦਾ ਦੇ ਵਾਸਤੇ ਹੁਣ ਨਾ ਇਕੱਲਾ ਛੱਡਕੇ ਜਾਵੀਂ,
ਤੇਰੇ ਬਿਨ ਚਲ ਨਹੀਂ ਹੋਣਾ, ਮੇਰੇ ਤੋਂ ਦੋ ਕਦਮ ਸੱਜਣਾ!

ਨਹੀਂ ਜੇ ਇਸ ਜਨਮ ਵਿਚ ਮਿਲ ਸਕੇ ਤਾਂ ਗ਼ਮ ਨਹੀਂ ਕੋਈ,
ਦੁਬਾਰਾ ਮਿਲਣ ਦੀ ਖ਼ਾਤਿਰ ਲਵਾਂਗੇ ਫਿਰ ਜਨਮ ਸੱਜਣਾ!

✲

ਲਿਆਏ ਸੀ ਜੋ ਗੁੰਡੇ, ਫੜਕੇ ਰਾਤੀਂ ਵਰਦੀਆਂ ਵਾਲੇ।
ਸਵੇਰੇ ਲੈ ਗਏ ਸਭ ਨੂੰ ਛੁਡਾ ਕੇ ਟੋਪੀਆਂ ਵਾਲੇ।

ਦਿਲਾ! ਮੈਂ ਖ਼ੁਦ ਨੂੰ ਅੱਜ ਆਪੇ ਤੇਰਾ ਦੁਸ਼ਮਣ ਬਣਾ ਆਇਆਂ।
ਤੇਰੇ ਮਹਿਬੂਬ ਦੇ ਸਾਰੇ ਹੀ ਖ਼ਤ ਹੱਥੀਂ ਜਲਾ ਆਇਆਂ।

ਬੜਾ ਸਾਂ ਖ਼ੁਸ਼ ਕਿਸੇ ਨੂੰ ਅੱਜ ਮੈਂ ਅਪਣਾ ਬਣਾ ਆਇਆਂ।
ਪਤਾ ਇਹ ਬਾਅਦ ਵਿਚ ਲੱਗਾ ਕਿ ਮੈਂ ਸਭ ਕੁਝ ਲੁਟਾ ਆਇਆਂ।

ਜੋ ਵੀ ਵੇਖੇ ਇਹੋ ਸਮਝੇ ਕਿ ਮੈਂ ਤੇਰਾ ਤੂੰ ਮੇਰਾ ਹੈਂ,
ਮੈਂ ਅੱਜ ਮੇਲੇ ਗਿਆ ਮੱਥੇ 'ਤੇ ਤੇਰਾ ਨਾਂ ਲਿਖਾ ਆਇਆਂ।

ਪਤਾ ਤਾਂ ਸੀ ਕਿ ਉਸ ਕੋਹ-ਕੋਹ ਕੇ ਇਸਨੂੰ ਮਾਰ ਦੇਣੈਂ ਪਰ,
ਕਸਾਈ ਹੱਥ ਮੈਂ ਦਿਲ ਆਪਣਾ ਫਿਰ ਵੀ ਫੜਾ ਆਇਆਂ।

ਹਰ ਇਕ ਚਿਹਰੇ 'ਚੋਂ ਮੈਂ ਹਾਲੇ ਵੀ ਰਹਿਨਾਂ ਭਾਲ਼ਦਾ ਉਸਨੂੰ,
ਜ਼ਮਾਨਾ ਬੀਤਿਆ ਜਿਸਨੂੰ ਮੈਂ 'ਕੀਰਤਪੁਰ' ਵਹਾ ਆਇਆਂ।

✲

ਏਨੀ ਚੰਗੀ ਆਪਣੀ, ਕਿੱਥੇ ਸੀ ਤਕਦੀਰ!
ਹੁੰਦਾ ਤੇਰਾ ਚਾਕ ਮੈਂ, ਤੇ ਤੂੰ ਮੇਰੀ ਹੀਰ!

ਕਦੇ ਇਹ ਰੋਲ਼ਦੈ ਥਲ ਵਿਚ, ਕਦੇ ਬੇਲੀਂ ਰੁਲ਼ਾ ਦਿੰਦੈ।
ਨਸ਼ਾ ਹੀ ਇਸ਼ਕ ਦਾ ਐਸਾ ਹੈ ਜੋ ਸੁਧ-ਬੁਧ ਗੁਆ ਦਿੰਦੈ।

ਕਦੇ ਉਹ ਹੱਸਦਾ ਸੀ ਤਾਂ ਚੁਫ਼ੇਰਾ ਮਹਿਕ ਉੱਠਦਾ ਸੀ,
ਮਗ਼ਰ ਸੁਣਿਐ ਕਿ ਹੁਣ ਹਾਸਾ ਉਦ੍ਹਾ ਪੱਥਰ ਰੁਆ ਦਿੰਦੈ।

ਭੁਲਾ ਦਿੱਤੈ ਜੇ ਤੂੰ ਸਾਨੂੰ, ਤੇਰੇ ’ਤੇ ਨਹੀਂ ਗ਼ਿਲਾ ਕੋਈ,
ਖ਼ੁਦੀ ਵਿਚ ਆ ਕੇ ਤਾਂ ਬੰਦਾ ਖ਼ੁਦਾ ਨੂੰ ਵੀ ਭੁਲਾ ਦਿੰਦੈ।

ਬੜਾ ਹੀ ਖ਼ੌਫ ਆਉਂਦੈ ਦੋਸਤੀ ਦੇ ਨਾਮ ਤੋਂ ਅਜ-ਕਲ੍ਹ,
ਕਿ ਸਾਨੂੰ ਦੋਸਤੀ ਦੀ ਹਰ ਕੋਈ ਐਸੀ ਸਜ਼ਾ ਦਿੰਦੈ।

ਕਿਹੀ ਆਜ਼ਾਦੀ ਹੈ ਦੱਸੋ, ਹੈ ਕੇਹਾ ਲੋਕਤੰਤਰ ਇਹ?
ਜੇ ਅਪਣਾ ਹੱਕ ਵੀ ਮੰਗੋ ਤਾਂ ਇਹ ਸੂਲ਼ੀ ਚੜ੍ਹਾ ਦਿੰਦੈ।

ਮੇਰੇ ਗਲ਼ ਲੱਗ ਭੁੱਬੀਂ ਰੋ ਪਿਆ ਮੇਰਾ ਰਕੀਬ ਆ ਕੇ,
ਮੇਰਾ ਦਿਲਬਰ ਹਰ ਇਕ ਨੂੰ ਪਿਆਰ ਦਾ ਏਹੋ ਸਿਲਾ ਦਿੰਦੈ।

ਅਸੂਲ-ਈਮਾਨ ਦੀ ਛੱਡੋ, ਕਿਤਾਬੀ ਨੇ ਇਹ ਸਭ ਗੱਲਾਂ,
ਅੜੇ-ਈਮਾਨ ਤਾਂ ਪੈਸਾ ਘੜੀ-ਪਲ ਵਿਚ ਡੁਲਾ ਦਿੰਦੈ।

ਅਸੀਂ ਜੇ ਹੱਸੀਏ ਵੀ ਤਾਂ ਉਹਨੂੰ ਤਕਲੀਫ ਹੁੰਦੀ ਏ,
ਅਸਾਡਾ ਤੜਪਣਾ ਪਰ ਓਸਨੂੰ ਬੇਹਦ ਮਜ਼ਾ ਦਿੰਦੈ।

ਸਮਾਂ ਹਰ ਜ਼ਖ਼ਮ ਭਰ ਦਿੰਦੈ, ਸਹੀ ਹੈ, ਪਰ ਇਹ ਵੀ ਹੈ ਸੱਚ,
ਸਮਾਂ ਹੀ ਹੌਲ਼ੀ-ਹੌਲ਼ੀ ਜ਼ਖ਼ਮ ਨੂੰ ਕੈਂਸਰ ਬਣਾ ਦਿੰਦੈ।

☆

ਬੜੇ ਭਟਕੇ ਹੋਏ ਸਾਏ, ਸਦਾ ਮਿਲਦੇ ਰਹੇ ਮੈਨੂੰ,
ਜੋ ਮੈਨੂੰ ਖੋਹ ਲਵੇ ਮੈਥੋਂ, ਕੋਈ ਐਸਾ ਨਹੀਂ ਮਿਲ਼ਿਆ।

ਰਾਤ ਜਦ ਬਾਬੇ ਨੇ ਪੋਤੀ ਨਾਲ ਟੀ. ਵੀ. ਵੇਖਿਆ।
ਹੋ ਗਿਆ ਅੰਨ੍ਹਾ ਉਹਦੀ ਗ਼ੈਰਤ ਦਾ ਸ਼ੀਸ਼ਾ ਤਿੜਕਿਆ।

ਵੇਖਿਆ ਗੀਤਾਂ ਦੇ ਵਿਚ ਉੱਡਦਾ ਜਦੋਂ ਅਪਣਾ ਮਜ਼ਾਕ,
ਮਾਰੀਆਂ ਗਿੱਧੇ ਨੇ ਚੀਕਾਂ, ਭੰਗੜਾ ਵੀ ਤੜਫਿਆ।

ਬੰਸਰੀ ਕਿੱਲੀ ’ਤੇ ਟੰਗੀ ਪੁੱਛਦੀ ਅਲਗੋਜ਼ੇ ਤੋਂ,
‘ਫਿਰ ਕਦੋਂ ਪਰਤਣਗੇ ਅਪਣੇ ਦਿਨ ਪੁਰਾਣੇ ਕਮਲ਼ਿਆ’ ?

ਪੂਣੀਆਂ ਛਿੱਕੂ ’ਚ ਪਈਆਂ, ਮਾਰ ਭੁੱਬਾਂ ਰੋ ਪਈਆਂ,
ਟੁੱਟਿਆ ਚਰਖ਼ਾ ਜਦੋਂ ਚੁੱਲ੍ਹੇ ’ਚ ਬਲ਼ਦਾ ਦੇਖਿਆ।

ਪੀਂਘ ਖ਼ਾਲੀ ਲਟਕਦੀ ਪਿੱਪਲ ਦੇ ਗਲ਼ ਲੱਗ ਰੋ ਪਈ,
ਕੋਲ਼ ਆ ਅੱਲੜ੍ਹ ਨੇ ਜਦ ਪਿੱਪਲ ਤੋਂ ਪਾਸਾ ਵੱਟਿਆ।

ਵੇਖਿਆ ਚੈਨਲ ’ਤੇ ਜਦ ਮੁਟਿਆਰ ਦਾ ਲੀਰਾਂ ਲਿਬਾਸ,
ਘੱਗਰਾ ਸੰਦੂਕ ਦੇ ਵਿਚ ਮਾਰ ਧਾਹਾਂ ਵਿਲਕਿਆ।

ਗੁੱਤ ’ਤੇ ਲੱਗੀ ਕਚਹਿਰੀ ਨਾ ਜਦੋਂ ਕੈਂਚੀ ਖਿਲਾਫ,
ਕਿੱਲੀ ਦੇ ਉੱਤੇ ਟੰਗਿਆ ਰੰਗਲਾ ਪਰਾਂਦਾ ਡੁਸਕਿਆ।

✡

ਅੱਲ੍ਹਾ ਬੇਲੀ ਉਨ੍ਹਾਂ ਦਾ, ਓਸੇ ਦੀ ਹੀ ਓਟ।
ਡਿੱਗੇ ਸਾਡੇ ਵਾਂਗ ਜੋ, ਆਲ੍ਹਣਿਆਂ ’ਚੋਂ ਬੋਟ।

## ਕੁਝ ਸ਼ਿਅਰ

ਇੱਕ ਸੁਨੇਹਾ ਘੱਲਿਐ ਉਹਨਾਂ, ਅੱਜ ਮੇਰੇ ਸਹਿਰਾਵਾਂ ਨੂੰ।
'ਹਉਕੇ ਲੈ ਬੇਚੈਨ ਨਾ ਕਰਿਆ ਕਰ ਸਾਨੂੰ ਦਰਿਆਵਾਂ ਨੂੰ।'

✲

ਉਨ੍ਹਾਂ ਨੇ ਤੋੜ ਦਿੱਤੀ ਤੂਤ ਦੇ ਮੋਛੇ ਜਿਹੀ ਯਾਰੀ,
ਮੇਰੇ ਯਾਰਾਂ ਨੇ ਛਡਤੇ ਹੁਣ ਮੇਰੇ ਦਿਲ 'ਤੇ ਸਿਤਮ ਕਰਨੇ।

✲

ਨੈਣੋਂ ਮੁੱਕੇ ਅੱਥਰੂ, ਤਨ 'ਚੋਂ ਮੁੱਕੀ ਰੱਤ।
ਹੁਣ ਤੇ ਆ ਜਾ ਸੱਜਣਾ! ਹੁਣ ਤੇ ਹੋਗੀ ਅੱਤ

✲

ਹੈ ਅੱਗ ਦਾ ਸਮੁੰਦਰ ਤੇ ਕਾਗਜ਼ਾਂ ਦੀ ਬੇੜੀ,
ਐ ਮੌਤ! ਮੈ ਲੜਾਂਗਾ ਫਿਰ ਵੀ ਅਖੀਰੀ ਸਾਹ ਤਕ।

✲

ਖ਼ਾਬ ਰਹੇ ਬੇਹੋਸ਼ ਤੇ ਹਰ ਖ਼ਾਹਿਸ਼ ਹਾਲੋਂ ਬੇਹਾਲ ਰਹੀ।
ਸੱਜਣਾ! ਤੇਰੇ ਬਾਝੋਂ ਜ਼ਿੰਦਗੀ ਬੱਸ ਜੀਅ ਦਾ ਜੰਜਾਲ ਰਹੀ।

✲

ਮੁੱਦਤਾਂ ਪਿੱਛੋਂ ਮਿਲ਼ੀ ਚਿੱਠੀ ਤੇਰੀ,
ਲੱਗਿਆ ਜਿੱਦਾਂ ਖ਼ੁਦਾ ਹੀ ਮਿਲ਼ ਗਿਆ।

✲

ਸੌਖੈ ਬੜਾ ਭਾਸ਼ਨ ਦੇਣਾ ਕਿ ਸੱਚ ਲਈ ਸੂਲ਼ੀ ਚੜ੍ਹੋ,
ਪਰ ਸੱਚ ਖਾਤਿਰ ਆਪ ਸੂਲ਼ੀ ਲਟਕਣਾ ਔਖੈ ਬੜਾ।

✲

ਕਿਉਂ ਘਬਰਾਵੇਂ ਅੱਜ ਜੇ, ਚਲਦੈ ਸਮਾਂ ਖਰਾਬ?
ਕਹਿਣ ਸਿਆਣੇ ਕੰਡਿਆਂ, ਵਿਚ ਹੀ ਖਿੜੇ ਗੁਲਾਬ।

✲

ਮੇਰੇ ਹੰਝੂ ਜਿੱਥੇ-ਜਿੱਥੇ ਡਿੱਗਣਗੇ।
ਓਥੇ ਕੰਡੇਦਾਰ ਬਰੂਟੇ ਉੱਗਣਗੇ।

✲

ਮੈਂ ਵੀ ਵੀ ਹਾਂ ਦਰਿਆ ਮਗ਼ਰ ਸਾਗਰ ਮੇਰੀ ਮੰਜ਼ਿਲ ਨਹੀਂ,
ਰਲ਼ਕੇ ਸਾਗਰ ਵਿਚ ਮੇਰੀ ਤਾਂ ਹਸਤੀ ਹੀ ਮਿਟ ਜਾਏਗੀ।

ਜ਼ਮਾਨਾ ਬਾਜ਼ ਨਹੀਂ ਆਉਂਦਾ ਜੇ ਮੈਨੂੰ ਸੂਲ਼ੀ ਟੰਗਣ ਤੋਂ।
ਤਾਂ ਮੈਂ ਵੀ ਬਾਜ਼ ਕਿਉਂ ਆਵਾਂ ਤੇਰੇ ਕਦਮਾਂ ਨੂੰ ਚੁੰਮਣ ਤੋਂ।

ਦੁਆ ਏਹੋ ਕਰਾਂ ਕਿ ਤੇਰੀਆਂ ਬਾਹਾਂ 'ਚ ਦਮ ਨਿਕਲ਼ੇ,
ਬਰੀ ਹੋਵਾਂ ਹੀ ਨਾ ਮੈਂ ਤੇਰੀਆਂ ਬਾਹਾਂ ਦੀ ਵਲਗਣ ਤੋਂ।

ਤੂੰ ਭਾਵੇਂ ਦੱਸਕੇ ਨਹੀਂ ਸੀ ਕਦੇ ਆਉਂਦਾ ਮਗ਼ਰ ਸਾਨੂੰ,
ਖ਼ਬਰ ਮਿਲ ਜਾਂਦੀ ਸੀ ਦੂਰੋਂ ਤੇਰੇ ਹਾਸੇ ਦੀ ਛਣਛਣ ਤੋਂ।

ਨਹੀਂ ਤੇਰੇ ਜਿਹਾ ਕੋਈ, ਤੂੰ ਲਗਦਾ ਏਂ ਖ਼ੁਦਾ ਵਰਗਾ,
ਕਿਵੇਂ ਮੈ ਅੱਖੀਆਂ ਰੋਕਾਂ ਤੇਰੇ ਜਲਵੇ ਨੂੰ ਤੱਕਣ ਤੋਂ।

ਚਿਰਾਂ ਪਿੱਛੋਂ ਮਿਲੇ ਹਾਂ ਅੱਜ ਨੈਣੀਂ ਆ ਗਏ ਹੰਝੂ,
ਖ਼ੁਸ਼ੀ ਵਿਚ ਰੋਕ ਹੀ ਸਕਿਆ ਨਾ ਮੈਂ ਨੈਣਾਂ ਨੂੰ ਛਲਕਣ ਤੋਂ।

ਤੇਰਾ ਘਰ ਵੀ ਅਸਾਂ ਨੂੰ ਹੁਣ ਇਬਾਦਤਗਾਹ ਜਿਹਾ ਲਗਦੈ,
ਮਿਲੇ ਦਿਲ ਨੂੰ ਸਕੂਨ ਆ ਕੇ ਇਥੇ ਜੀਵਨ ਦੀ ਭਟਕਣ ਤੋਂ।

*

ਹਰ ਸਿਤਮ ਦਾ ਟਾਕਰਾ ਕੀਤਾ ਕਲਮ ਦੇ ਨਾਲ਼ ਮੈਂ,
ਜ਼ਿੰਦਗੀ ਸਾਰੀ ਗੁਜ਼ਾਰੀ ਬਰਛੀਆਂ ਦੀ ਛਾਂ ਦੇ ਹੇਠ।

ਮੈਂ ਤੇ ਮੇਰਾ ਦਿਲ ਸਦਾ ਆਪਸ 'ਚ ਹੀ ਲੜਦੇ ਰਹੇ।
ਇੱਕ ਦੂਜੇ ਤੋਂ ਬਚਾ ਨਜ਼ਰਾਂ ਖ਼ਤਾ ਕਰਦੇ ਰਹੇ।

ਨਾ ਕਦੇ ਉਸ ਦੱਸਿਆ, ਨਾ ਹੀ ਕਦੇ ਮੈਂ ਪੁੱਛਿਆ,
ਦਿਲ ਦੀਆਂ ਗੱਲਾਂ ਅਸੀਂ ਨਜ਼ਰਾਂ 'ਚੋਂ ਹੀ ਪੜ੍ਹਦੇ ਰਹੇ।

ਆਖ਼ਰੀ ਸਾਹ ਤੱਕ ਅਸੀਂ ਚੰਗੇ ਦਿਨਾਂ ਦੀ ਆਸ ਵਿਚ,
ਹਰ ਸਿਤਮ ਹੀ ਜ਼ਿੰਦਗੀ ਦਾ ਹੱਸਕੇ ਜਰਦੇ ਰਹੇ।

ਇਸ਼ਕ ਦੇ ਲੱਛਣ ਨੇ ਵੇਖੇ ਹਰ ਬਿਮਾਰੀ ਤੋਂ ਅਜੀਬ,
ਹਾੜ ਵਿਚ ਕੰਬੇ ਅਸੀਂ, ਪੋਹ-ਮਾਘ ਵਿਚ ਸੜਦੇ ਰਹੇ।

ਪਾਪ ਕੋਈ ਹੋ ਗਿਆ ਲਗਦੈ ਕਦੇ ਸਾਡੇ ਕੋਲੋਂ,
ਨਾ ਸਕੂਨ ਆਇਆ ਕਦੇ ਸਜਦੇ ਬੜੇ ਕਰਦੇ ਰਹੇ।

ਇਸ਼ਕ ਤੇਰੇ ਨੇ ਇਵੇਂ ਹੈ ਰੋਲ਼ਿਆ ਗਲ਼ੀਆਂ ਦੇ ਵਿਚ,
ਨਾ ਰਹੇ ਹਾਂ ਬਾਹਰ ਦੇ ਨਾ ਹੀ ਅਸੀਂ ਘਰ ਦੇ ਰਹੇ।

ਦੁੱਖ ਦਿਲ ਦਾ ਨਾ ਕਦੇ ਗਲ਼ ਲਾ ਕਿਸੇ ਨੇ ਪੁੱਛਿਆ,
ਅੰਦਰੋ-ਅੰਦਰ ਅਸੀਂ ਧੁਖਦੇ ਰਹੇ, ਸੜਦੇ ਰਹੇ।

ਸੋਚਿਆ ਪੜਤਾਲਿਆ ਫਿਰ ਵੀ ਨਹੀਂ ਆਈ ਸਮਝ,
ਕਿਉਂ ਅਸੀਂ ਹਰ ਵਾਰ ਬਾਜ਼ੀ ਜਿੱਤਕੇ ਹਰਦੇ ਰਹੇ।

ਆਪ ਹੀ ਕਾਤਿਲ, ਗਵਾਹ ਵੀ ਆਪ ਉਹ, ਮੁਨਸਿਫ਼ ਵੀ ਆਪ,
ਬੇਕਸੂਰੇ ਹੀ ਅਸੀਂ ਸੂਲ਼ੀ ਤਦੇ ਚੜ੍ਹਦੇ ਰਹੇ।

✯

ਲੁਟੇਰੇ ਲੁੱਟ ਲੈਂਦੇ ਤਾਂ ਕੋਈ ਵੀ ਦੁੱਖ ਨਾ ਹੁੰਦਾ,
ਅਸੀਂ ਲੁੱਟੇ ਗਏ ਹਾਂ ਆਪਣੇ ਹੀ ਰਹਿਬਰਾਂ ਹੱਥੋਂ।

ਅੱਜ ਹਕੀਕਤ ਜਾਪਦੀ, ਜੋ ਲਗਦੀ ਸੀ ਗੱਪ।
ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।

ਕਲ੍ਹ ਤਕ ਸੀ ਰਸ ਘੋਲ਼ਦੇ, ਕੰਨੀਂ ਸਾਡੇ ਬੋਲ,
ਅੱਜ ਉਨ੍ਹਾਂ ਨੂੰ ਲੱਗਦੇ, ਬੋਲ ਅਸਾਂ ਦੇ ਖੱਪ।

ਅਜ ਕਲ੍ਹ ਤੇਰਾ ਰਾਜ ਹੈ, ਤੈਨੂੰ ਕਿਸਦਾ ਖ਼ੌਫ,
ਮਰਜ਼ੀ ਹੈ ਤਾਂ ਰੱਖ ਲੈ, ਚਾਹੇ ਸੰਘੀ ਨੱਪ।

ਜਿੰਨ੍ਹਾਂ ’ਤੇ ਕਰਦੇ ਰਹੇ, ਰੱਬ ਵਾਂਗ ਇਤਬਾਰ,
ਉਹ ਵੀ ਆਖ਼ਰ ਨਿਕਲੇ, ਸਭ ਬੁੱਕਲ ਦੇ ਸੱਪ।

ਰੀਤ-ਰਿਵਾਜ਼ਾਂ ਖਾ ਲਈ, ਸਾਡੀ ਜੋਬਨ ਰੁੱਤ,
ਰਸਮਾਂ ਦੀ ਇਕ ਲੀਕ ਨਾ, ਸਾਥੋਂ ਹੋਈ ਟੱਪ।

ਜਿੱਦਣ ਦਾ ਤੂੰ ਤੁਰ ਗਿਐਂ, ਰੁਕ ਰੁਕ ਚੱਲਣ ਸਾਹ,
ਨਬਜ਼ ਵੀ ਹੋਜੂ ਲੱਗਦੈ, ਚਾਰ ਦਿਨਾਂ ਨੂੰ ਠੱਪ।

ਕਿਰਤੀ ਦੇ ਘਰ ਭੁਖਮਰੀ, ਵਿਹਲੜ ਕਰਦੇ ਐਸ਼,
ਮਜ਼ਲੂਮਾਂ ਦੇ ਹੱਕ ਵੀ, ਨੇਤਾ ਗਏ ਹੜੱਪ।

ਕੁਝ ਦਿਨ ਤੋਂ ਨਾ ਲੱਗਦੇ, ਉਸਦੇ ਧਰਤੀ ਪੈਰ,
ਉਸਦਾ ਚੱਲੇ ਵੱਸ ਤਾਂ, ਸਾਗਰ ਜਾਵੇ ਟੱਪ।

ਰੱਬ ਵੀ ਦਿੰਦੈ ਉਸਨੂੰ, ਜਿਹੜਾ ਘੁੱਟੇ ਹੱਥ,
ਮੈਨੂੰ ਦੇਵੇ ਰੱਬ ਜੇ, ਵੰਡਾਂ ਲੱਪੋ-ਲੱਪ।

ਸਾਡੀ ਕਿਸਮਤ ਲਿਖਦਿਆਂ, ਭੰਗ ਪੀ ਲਈ ਰੱਬ,
ਟੱਲੀ ਹੋ ਕੇ ਲਿਖ ਗਿਆ, ਸਭ ਕੁਝ ਮੂਲ਼ੋਂ ਗੱਪ।

ਬਚਪਨ ਪਿੱਛੇ ਰਹਿ ਗਿਆ, ਗਈ ਜਵਾਨੀ 'ਬੱਲ' !
ਅੱਗਾ ਨੇੜੇ ਆ ਗਿਆ, ਨਾਮ ਗੁਰਾਂ ਦਾ ਜੱਪ।

☆

ਮਿਲ਼ੇ ਧਰਮਾਂ ਦੇ ਠੇਕੇਦਾਰ ਤਾਂ ਹਰ ਮੋੜ 'ਤੇ ਹੀ ਪਰ,
ਨਹੀਂ ਮਿਲਿਆ ਤਾਂ ਕੋਈ ਰੱਬ ਦਾ ਬੰਦਾ ਨਹੀਂ ਮਿਲਿਆ।

ਕੌਣ ਮੇਰਾ ਗ਼ਮ ਵੰਡਾਏ, ਸੁਹਣਿਆਂ ਤੇਰੇ ਬਗ਼ੈਰ!
ਸੁੰਞਾ-ਸੁੰਞਾ ਜਾਪਦੈ, ਸਾਰਾ ਜਹਾਂ ਤੇਰੇ ਬਗ਼ੈਰ!

ਇਸ਼ਕ ਦੀ ਬਾਜ਼ੀ ਤਾਂ ਪਹਿਲਾਂ ਹੀ ਸੀ ਔਖੀ ਜਿੱਤਣੀ,
ਹੁਣ ਅਸੰਭਵ ਹੈ, ਕਰਾਂ ਤਾਂ ਕੀ ਕਰਾਂ ਤੇਰੇ ਬਗ਼ੈਰ?

ਲੁੱਟ ਕੇ ਹਾਸੇ ਮੇਰੇ ਗ਼ਮ ਦੇਣ ਵਾਲੇ ਸੱਜਣਾ!
ਵੇਖ ਆ ਕੇ ਕਿਸ ਤਰ੍ਹਾਂ ਮੈਂ ਜੀ ਰਿਹਾਂ ਤੇਰੇ ਬਗ਼ੈਰ?

ਰੌਣਕਾਂ ਸਭ ਤੁਰ ਗਈਆਂ ਹਨ, ਨਾਲ ਤੇਰੇ ਮਹਿਰਮਾ!
ਆ ਗਏ ਕਿੱਦਾਂ ਦੇ ਦਿਨ ? ਮੈਂ ਸੋਚਦਾਂ ਤੇਰੇ ਬਗ਼ੈਰ!

ਕਦਰਦਾਨਾ! ਹਰ ਗ਼ਜ਼ਲ ਮੇਰੀ ਅਮਾਨਤ ਹੈ ਤੇਰੀ,
ਪਰ ਮੈਂ ਬੇ-ਕਦਰਾਂ 'ਚ ਬੈਠਾ ਗਾ ਰਿਹਾਂ ਤੇਰੇ ਬਗ਼ੈਰ!

ਨਾਲ ਤੇਰੇ ਪਤਝੜਾਂ ਵੀ ਸਨ ਬਹਾਰਾਂ ਵਰਗੀਆਂ,
ਹੁਣ ਬਹਾਰਾਂ ਲਗਦੀਆਂ ਨੇ ਪਤਝੜਾਂ ਤੇਰੇ ਬਗ਼ੈਰ!

ਰੌਣਕਾਂ ਹੀ ਰੌਣਕਾਂ ਹਨ ਹਰ ਤਰਫ਼, ਪਰ ਤੂੰ ਨਹੀਂ,
ਤੂੰ ਨਹੀਂ ਤਾਂ ਕੀ ਕਰਾਂ ਇਹ ਰੌਣਕਾਂ ਤੇਰੇ ਬਗ਼ੈਰ ?

☆

ਸ਼ਾਇਦ ਸੁਹਣੇ ਮੁਲ ਵਿਕ ਜਾਵੇ, ਮੇਰਾ ਦਰਦ ਸੁਣਾ ਕੇ ਵੇਖ ਲਵੀਂ।
ਜੇ ਹੋ ਸਕਿਆ ਤਾਂ ਮੇਰਾ ਵੀ, ਕੋਈ ਗੀਤ ਬਣਾ ਕੇ ਵੇਖ ਲਵੀਂ।

ਲੈ ਨਾਮ ਯਾਰ ਦਾ ਤੇ ਕਰ ਨੈਣਾਂ ਨੂੰ ਬੰਦ ਵੇਖ!
ਆਉਂਦਾ ਕਿ ਨਹੀਂ ਇਲਾਹੀ ਫਿਰ ਦਿਲ ਨੂੰ ਅਨੰਦ ਵੇਖ!

ਤੈਨੂੰ ਪਸੰਦ ਸ਼ੁਹਰਤਾਂ, ਸਾਨੂੰ ਫ਼ਕੀਰੀਆਂ,
ਅਪਣੀ ਪਸੰਦ ਵੇਖ ਤੂੰ ਸਾਡੀ ਪਸੰਦ ਵੇਖ!

ਸੁਲਝੀ ਕਦੇ ਨਾ ਜ਼ਿੰਦਗੀ ਭਰ ਮੁੜ ਕਦੇ ਇਹ ਫੇਰ,
ਉਲਝੀ ਜਵਾਨੀ ਦੇ ਸਮੇਂ ਜੋ ਦਿਲ ਦੀ ਤੰਦ ਵੇਖ!

ਮੈਂ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਲਟਕਦਾਂ,
ਨਾ ਮੁੱਕਿਆ ਕਦੇ ਮੇਰੇ ਦਿਲ ਦਾ ਦਵੰਦ ਵੇਖ!

ਔਖੇ ਨਿਭਾਉਣੇ ਨੇ ਬੜੇ ਇਹ ਮੰਗਦੇ ਰਿਆਜ਼,
ਭਾਵੇਂ ਅਰੂਜ਼ ਦੇ ਤੇ ਜਾਂ ਪਿੰਗਲ ਦੇ ਛੰਦ ਵੇਖ!

ਜੇ ਦੰਗ ਹੀ ਨਾ ਰਹਿ ਗਿਆ ਤਾਂ ਫਿਰ ਕਰੀਂ ਤੂੰ ਗੱਲ,
ਅੰਬਰ ਦਾ ਚੰਦ ਵੇਖਿਐ, ਮੇਰਾ ਵੀ ਚੰਦ ਵੇਖ!

ਖੋਲ੍ਹੋ ਨਾ ਰਾਜ਼ ਇਸ਼ਕ ਦੇ, ਹੈ ਇਸ਼ਕ ਦਾ ਅਸੂਲ,
ਤਾਂ ਹੀ ਜ਼ੁਬਾਨ 'ਬੱਲ' ਮੈਂ ਰੱਖੀ ਹੈ ਬੰਦ ਵੇਖ!

☆

ਗ਼ਮ ਤੋਂ ਗੀਤਾਂ ਤੀਕ ਸਫ਼ਰ ਫਿਰ ਜਾਣੇਗਾ,
ਤੇਰੇ ਵੀ ਜਦ ਦਿਲ 'ਤੇ ਪੱਥਰ ਵੱਜਣਗੇ।

ਨਿਭੀ ਕਿਉਂ ਨਾ ਕਦੇ ਅਪਣੀ ਪਤਾ ਤੈਨੂੰ ਪਤਾ ਮੈਨੂੰ।
ਨਾ ਮੈਂ ਹੀ ਸਮਝਿਆ ਤੈਨੂੰ ਨਾ ਤੂੰ ਹੀ ਸਮਝਿਆ ਮੈਨੂੰ।

ਕਿਤੇ ਕੁਝ ਕਰ ਨਾ ਬੈਠਾਂ ਮੈਂ, ਨਾ ਏਨਾ ਵੀ ਸਤਾ ਮੈਨੂੰ।
ਨਾ ਮਤਲਬ ਕੱਢਕੇ ਹੁਣ ਇਸ ਤਰ੍ਹਾਂ ਅੱਖਾਂ ਵਿਖਾ ਮੈਨੂੰ।

ਗ਼ਿਲੇ ਤੂੰ ਵੀ ਕਰੀਂ ਮੈਂ ਵੀ ਸੁਣਾਊਂ ਦਿਲ ਦੀਆਂ ਬਹਿ ਕੇ,
ਕਿਤੇ ਬਹਿ ਸਾਹਮਣੇ ਮੇਰੇ, ਕਿਤੇ ਸਾਹਵੇਂ ਬਿਠਾ ਮੈਨੂੰ।

ਸਜ਼ਾ ਦੇਵੇਂ ਤੂੰ ਜੋ ਵੀ, ਮੈਂ ਸਹਾਰਾਂਗਾ ਖਿੜੇ ਮੱਥੇ,
ਕਸਮ ਤੇਰੀ ਜੇ ਪੁੱਛਾਂ, ਦੇ ਰਿਹੈਂ ਕਾਹਦੀ ਸਜ਼ਾ ਮੈਨੂੰ।

ਕਿਸੇ ਦੇ ਲਿਫ਼ਣ ਦੀ ਆਖ਼ਰ ਕੋਈ ਤਾਂ ਹੱਦ ਹੁੰਦੀ ਏ,
ਕਿਤੇ ਮੈਂ ਟੁੱਟ ਨਾ ਜਾਵਾਂ, ਨਾ ਏਨਾ ਵੀ ਲਿਫਾ ਮੈਨੂੰ।

ਤੂੰ ਇਹ ਨਾ ਸੋਚ ਕਿ ਤੇਰੀ ਨਹੀਂ ਮੈਨੂੰ ਖ਼ਬਰ ਕੋਈ,
ਖ਼ਬਰ ਤੇਰੀ ਹਰ ਇਕ ਪਲ ਦੀ ਰਹੇ ਮਿਲਦੀ ਸਦਾ ਮੈਨੂੰ।

ਮੇਰੀ ਹਰ ਕਾਲ ਉਸਦੇ ਫੋਨ ’ਤੇ ਵੇਟਿੰਗ ’ਚ ਰਹਿੰਦੀ ਹੁਣ,
ਕਦੇ ਜੋ ਝੱਲਿਆਂ ਵਾਂਗਰ ਸੀ ਰਹਿੰਦਾ ਭਾਲ਼ਦਾ ਮੈਨੂੰ।

ਤੁਸੀਂ ਤੋਂ ਬਣ ਗਿਆ ਮੈਂ 'ਤੂੰ' ਤੇ ਉਹ ਤੂੰ ਤੋਂ 'ਤੁਸੀਂ' ਬਣ ਗਏ,
ਇਹ ਤਖ਼ਤਾ ਪਲਟਿਆ ਕਿਸ ਪਲ ਪਤਾ ਨਾ ਚੱਲਿਆ ਮੈਨੂੰ।

ਤਬੀਬਾ! ਨਬਜ਼ ਕਿਉਂ ਵੇਖੇਂ, ਕਸਕ ਤਾਂ ਦਿਲ 'ਚ ਪੈਂਦੀ ਏ,
ਮਰਜ਼ ਹੀ ਨਾ ਪਤਾ ਤੈਨੂੰ, ਕੀ ਦੇਵੇਂਗਾ ਦਵਾ ਮੈਨੂੰ ?

ਜੇ ਤੂੰ ਜੀ ਲਏਂਗਾ ਬਿਨ ਮੇਰੇ ਤਾਂ ਮੈਂ ਵੀ ਮਰ ਨਹੀਂ ਚਲਿਆ,
ਇਕੱਲੇ ਰਹਿ ਕੇ ਵੀ ਹੁਣ ਜੀਣ ਦਾ ਵੱਲ ਆ ਗਿਆ ਮੈਨੂੰ।

ਕਿਸੇ ਵੇਲੇ ਸੀ ਜਿਹੜਾ ਮੇਰਿਆਂ ਸਾਹਾਂ 'ਚ ਸਾਹ ਲੈਂਦਾ,
ਉਸੇ ਦੀ ਬੇਰੁਖ਼ੀ ਨੇ ਜਾਪਦੈ ਦੇਣਾ ਮੁਕਾ ਮੈਨੂੰ।

ਦੁਆਵਾਂ ਰੱਬ ਨਾ ਮੰਨੇ, ਹਕੀਮਾਂ ਝਾੜਿਆ ਪੱਲਾ,
ਨਜ਼ਰ ਆਉਂਦਾ ਨਹੀਂ ਕੋਈ, ਕਹਾਂ ਜਿਸਨੂੰ ਬਚਾ ਮੈਨੂੰ।

ਉਹ ਮੈਨੂੰ ਪਿਆਰ ਵੀ ਕਰਦੈ ਮਗ਼ਰ ਤਾਕੀਦ ਵੀ ਕਰਦੈ,
ਕਿਸੇ ਦੇ ਸਾਹਮਣੇ ਨਾ 'ਬੱਲ' ਤੂੰ ਬਿਲਕੁਲ ਬੁਲਾ ਮੈਨੂੰ।

☆

ਉਹ ਤੇ ਮੈਂ ਕਿੱਦਾਂ ਮਿਲ ਜਾਂਦੇ? ਮੈਂ ਭਟਕਣ ਉਹ ਰਹਿਬਰ।
ਉਸਦਾ ਮੇਰਾ ਮੇਲ਼ ਅਸੰਭਵ, ਮੈਂ ਧਰਤੀ ਉਹ ਅੰਬਰ।

ਬੁਰੇ ਹਾਲਾਤ ਸੰਗ ਆਖ਼ਰ ਕੋਈ ਕਦ ਤਕ ਲੜੇ ਰੱਬਾ?
ਕੋਈ ਬੇਮੌਤ ਰੋਜ਼ਾਨਾ ਭਲਾ ਕਿੱਦਾਂ ਮਰੇ ਰੱਬਾ?

ਸਦਾ ਹਰ ਮੋੜ 'ਤੇ ਸਾਨੂੰ ਨਵਾਂ ਇਕ ਹਾਦਸਾ ਮਿਲਦੈ,
ਭਲਾ ਦਿਲ ਜ਼ਿੰਦਗੀ ਭਰ ਹਾਦਸੇ ਕਿੱਦਾਂ ਜਰੇ ਰੱਬਾ?

ਜੋ ਸਾਥੋਂ ਬਾਅਦ ਵਿਚ ਆਏ ਉਹ ਭਰ-ਭਰ ਝੋਲ਼ੀਆਂ ਤੁਰ ਗਏ,
ਅਸੀਂ 'ਕੱਲੇ ਤੇਰੇ ਦਰ 'ਤੇ ਰਹੇ ਖ਼ਾਲੀ ਖੜੇ ਰੱਬਾ!

ਜੋ ਏਥੇ ਜ਼ੁਲਮ ਕਰਦੇ ਨੇ ਉਹੀ ਰਹਿਬਰ ਕਹਾਉਂਦੇ ਨੇ,
ਤੂੰ ਹੀ ਦਸ ਬੇਕਸੂਰੇ ਕਿਉਂ ਸਦਾ ਸੂਲ਼ੀ ਚੜ੍ਹੇ ਰੱਬਾ?

ਕਸਮ ਤੇਰੀ ਮੇਰੇ ਤੋਂ ਹੋਰ ਹੁਣ ਵੇਖੇ ਨਹੀਂ ਜਾਂਦੇ,
ਜਦੋਂ ਸੀਨੇ 'ਚ ਭੁੱਬਾਂ ਮਾਰਕੇ ਚਾਅ ਵਿਲਕਦੇ ਰੱਬਾ!

ਅਸਾਡੇ ਇਸ਼ਕ ਦਾ ਬੂਟਾ ਜਦੋਂ ਵੀ ਆ ਗਿਆ ਫਲ 'ਤੇ,
ਪਤਾ ਸੀ ਕਿ ਉਦੋਂ ਹੀ ਤੂੰ ਵਰ੍ਹਾਉਣੇ ਨੇ ਗੜੇ ਰੱਬਾ!

☆

'ਪੀੜਾਂ' ਬਿਨ ਕੀ ਰੱਖੀਏ, ਉਮਰਾਂ ਦਾ ਸਿਰਲੇਖ।
ਸਾਹ ਨੂੰ ਚੰਗਾ ਲਗਦਾ, ਹੁਣ ਹਉਕੇ ਦਾ ਸੇਕ।

ਜਿਨ੍ਹਾਂ ਯਾਰਾਂ ਲਈ ਮੈਂ ਆਪਣਾ ਸਭ ਕੁਝ ਲੁਟਾ ਦਿੱਤਾ।
ਉਨ੍ਹਾਂ ਨੇ ਹੀ ਸਦਾ ਹਰ ਪੈਰ 'ਤੇ ਮੈਨੂੰ ਦਗ਼ਾ ਦਿੱਤਾ।

ਮੇਰੇ ਦਿਲਬਰ ਨੇ ਵੇਖੋ ਪਿਆਰ ਦਾ ਕੇਹਾ ਸਿਲਾ ਦਿੱਤਾ।
ਮੇਰਾ ਦਿਲ ਤੋੜਿਆ ਖ਼ੁਦ ਹੀ ਤੇ ਆਪੇ ਹੌਸਲਾ ਦਿੱਤਾ।

ਕਰਾਂ ਕਿੱਦਾਂ ਨਿਤਾਰਾ ਦੋਸਤਾਂ ਤੇ ਦੁਸ਼ਮਣਾਂ ਦਾ ਮੈਂ ?
ਲਗਾਏ ਫੱਟ ਯਾਰਾਂ, ਦੁਸ਼ਮਣਾਂ ਮਰਹਮ ਲਗਾ ਦਿੱਤਾ।

ਜ਼ਮਾਨਾ ਸੋਚਦੈ ਕਿ ਤੂੰ ਮੇਰੇ ਸਾਹਾਂ 'ਚ ਸਾਹ ਲੈਂਦੈਂ,
ਇਹ ਮੈਂ ਜਾਣਾ ਤੂੰ ਮੈਨੂੰ ਕਿਸ ਤਰ੍ਹਾਂ ਮਿੱਟੀ ਮਿਲ਼ਾ ਦਿੱਤਾ।

ਮੈਂ ਜਿਹੜੇ ਬਾਗ ਦਾ ਹਰ ਫੁੱਲ ਰੀਝਾਂ ਨਾਲ਼ ਲਾਇਆ ਸੀ,
ਮੈਂ ਓਸੇ ਬਾਗ ਨੂੰ ਅੱਜ ਆਪਣੇ ਹੱਥੀਂ ਜਲਾ ਦਿੱਤਾ।

ਤੂੰ ਸਾਰੀ ਉਮਰ ਹੀ ਸਾਨੂੰ ਨਚਾਇਐ ਉਂਗਲ਼ਾਂ ਉੱਤੇ,
ਮਦਾਰੀ ਸੀ ਤੂੰ ਸਾਨੂੰ ਵੀ ਤਮਾਸ਼ਾ ਹੀ ਬਣਾ ਦਿੱਤਾ।

ਇਕੱਲਾ ਮੈਂ ਹੀ ਨਹੀਂ ਕਹਿੰਦਾ ਦਿਲਾ! ਇਤਿਹਾਸ ਕਹਿੰਦਾ ਏ,
ਮੁਹੱਬਤ ਵਿਚ ਉਹੀ ਜਿੱਤੇ, ਜਿਨ੍ਹਾਂ ਸਭ ਕੁਝ ਗਵਾ ਦਿੱਤਾ।

ਅਸਾਡੀ ਹੋਂਦ ਹੀ ਕੀ ਹੈ? ਖਿਡੌਣੇ ਹਾਂ ਅਸੀਂ ਤੇਰੇ,
ਜਦੋਂ ਚਾਹਿਆ, ਬੁਲਾਇਆ, ਤੋੜਿਆ, ਠੀਕ੍ਰਰ ਬਣਾ ਦਿੱਤਾ।

ਗਿਲਾ ਕੈਦੋ 'ਤੇ ਨਾ ਚੂਚਕ 'ਤੇ, ਨਾ ਹੀ ਖੇੜਿਆਂ ਉੱਤੇ,
ਸਲੇਟੀ ਨੇ ਹੀ ਜਦ ਚਾਕ ਆਪਣਾ ਦਿਲ 'ਚੋਂ ਭੁਲਾ ਦਿੱਤਾ।

ਤੂੰ ਕਿੱਧਰ ਤੁਰ ਗਿਐਂ ਖ਼ਬਰੇ ਜੁੱਗੋ-ਜੁੱਗ ਜੀਣਿਆਂ ਸਜਣਾ!
ਨਹੀਂ ਮੁੜ ਕੇ ਕਦੇ ਤੂੰ ਆਪਣਾ ਫਿਰ ਥਹੁ-ਪਤਾ ਦਿੱਤਾ।

ਕਿਨਾਰੇ ਕੋਲ ਆ ਮੈਂ ਡੁੱਬਿਆਂ ਤਾਂ ਗ਼ਮ ਨਹੀਂ ਕੋਈ,
ਖ਼ੁਸ਼ੀ ਹੈ ਡੁੱਬਕੇ ਵੀ ਮੈਂ ਕਿਸੇ ਨੂੰ ਪਾਰ ਲਾ ਦਿੱਤਾ।

ਰਜ਼ਾ ਹੈ ਰੱਬ ਦੀ ਇਹ ਤਾਂ, ਅਜੇ ਤਕ ਜੀ ਰਿਹਾ ਹਾਂ ਮੈਂ,
ਤੁਸੀਂ ਤਾਂ ਆਪਣੇ ਵੱਲੋਂ, ਕਦੋਂ ਦਾ ਸੀ ਮੁਕਾ ਦਿੱਤਾ।

ਮੇਰੇ ਗੀਤਾਂ ਦੀ ਸੀ ਤੂੰ ਜਾਨ, ਗ਼ਜ਼ਲਾਂ ਵਰਗੀਏ ਕੁੜੀਏ!
ਤੇਰੇ ਬਿਨ ਗੀਤ ਵਿਲਕਣ, ਤੂੰ ਗ਼ਜ਼ਲ ਕਹਿਣਾ ਭੁਲਾ ਦਿੱਤਾ।

ਉਹ ਕਹਿੰਦਾ ਸੀ ਮੈਂ ਨਹੀਂ ਆਉਣਾ, ਮੈਂ ਕਹਿੰਦਾ ਸੀ ਮੈਂ ਨਹੀਂ ਜੀਣਾ,
ਅਸਾਂ ਦੋਵਾਂ ਨੇ ਹੀ ਅੱਜ ਆਪਣਾ ਵਾਅਦਾ ਨਿਭਾ ਦਿੱਤਾ।

✲

ਇਹ ਦੌਲਤਾਂ, ਇਹ ਸ਼ੁਹਰਤਾਂ, ਇਹ ਸਾਰੀਆਂ ਸਰਦਾਰੀਆਂ।
ਤੂੰ ਜਾਣ ਜਾਂ ਨਾ ਜਾਣ ਜਾਹ! ਇਹ ਵੀ ਤੇਰੇ ਤੋਂ ਵਾਰੀਆਂ।



ਹਰਜਿੰਦਰ ਕੰਗ ਨੇ ਅੱਧੀ ਉਮਰ ਪੱਤਰਕਾਰੀ ਤੇ ਗਿਆਨਕਾਰੀ 'ਚ ਬਸਰ ਕਰ ਦਿੱਤੀ ਪਰ ਸਬੂਤੀ ਆਰਜ਼ ਗ਼ਜ਼ਲਕਾਰੀ ਦੇ ਲੇਖੇ ਲਾ ਦਿੱਤੀ ਹੈ। ਕੰਗਸਾਹਿਬ ਪੰਜਾਬੀ ਦਾ ਇੱਕੋ ਇੱਕ ਅਜਿਹਾ ਅਦੀਬ ਹੈ ਜੋ ਵਾਇਆ ਸਾਹਿਰੀ ਸੰਗੀਤ ਦੀ ਦੁਨੀਆ ਵਿਚ ਸਤਿਕਾਰਿਆ, ਸਿਞਾਣਿਆ ਤੇ ਸਨਮਾਨਿਆ ਜਾਣ ਲੱਗ ਪਿਆ ਹੈ।

ਮਿਊਜ਼ਿਕ ਟਾਈਮਜ਼ ਦਾ ਸੰਪਾਦਕ ਨਾ ਤੇ ਪੰਜਾਬੀ ਗ਼ਜ਼ਲਕਾਰੀ ਦਾ ਬੋਹੜ ਹੈ, ਨਾ ਸੂਤ ਵਡੇਰਨ ਵਾਲਾ ਪਿੱਪਲ। ਉਹ ਕੌੜੀ ਨਿੰਮ ਦੀਆਂ ਮਿੱਠੀਆਂ ਨਿਮੋਲੀਆਂ ਵਾਲਾ ਸਾਹਿਰ ਹੈ। ਕੌੜਾ ਪਰ ਕਾਰਗਰ, ਸਿਹਤਬਖ਼ਸ਼ ਗ਼ਜ਼ਲ ਕਰਤਾ। ਸੁੱਚੇ, ਸੁਥਰੇ, ਸਿਹਤਮੰਦ ਸਾਹਿਤ ਦੀ ਸਿਰਜਣਾ ਕਰਨ ਵਾਲਾ ਬਾਵਾ ਬਲਵੰਤ ਜਿਹਾ ਕਲਮਕਾਰ।

ਕੰਗ ਨੇ ਆਪਣੇ ਸ਼ਬਦ ਨਾਲ ਰੋਜ਼ੀ-ਰੋਟੀ ਦਾ ਜਿਹਾਦ ਕੀਤਾ ਹੈ। ਨਾ ਉਹ ਰਿਆਸਤੀ ਸਾਹਿਰ ਹੈ, ਨਾ ਸਿਆਸਤੀ। ਇਨਾਮਾਂ ਇਕਰਾਮਾਂ ਦੀ ਸੜਕ 'ਤੇ ਉਹ ਤੁਰ ਹੀ ਨਹੀਂ ਸਕਦਾ, ਕਿਉਂ ਜੋ 'ਰਾਗ ਦਰਬਾਰੀ' ਉਸਨੂੰ ਗੌਣਾ ਆਉਂਦਾ ਹੀ ਨਹੀਂ। ਲੱਖ ਮਿਊਜ਼ਿਕ ਟਾਈਮਜ਼ ਕੱਢਦਾ ਫਿਰੇ, ਇਸ ਬਾਜ਼ਾਰੀ ਮਿਊਜ਼ਿਕ ਤੋਂ ਉਹ ਨਾ-ਵਾਕਫ਼ ਰਿਹਾ ਹੈ ਅਤੇ ਰਹੇਗਾ। ਇਸੇ ਕਰਕੇ ਤੇ ਕਿਤੇ-ਕਿਤੇ ਮਨਸੂਰ ਅਤੇ ਬੁੱਲ੍ਹੇ ਦੇ 'ਅੰਸਰ' ਵਾਲੀ ਅੱਗ ਹੈ ਉਸਦੇ ਸ਼ਿਅਰਾਂ ਵਿਚ। ਨੰਗਾ ਸੱਚ। ਇਕੋ ਹਰਫ਼ 'ਅਨਲਹ ਹੱਕ' ਅੰਜੀਲ ਹੋ ਜਾਂਦਾ ਹੈ, ਜ਼ਮਾਨੇ ਆਂਦੀ ਸ਼ੇਅਰ ਸੰਭਾਲੀ ਤੁਹਾਡੇ ਸਨਮੁਖ ਕਰਦਾ ਹੈ।

ਅਖ਼ਬਾਰਨਵੀਸਾਂ, ਪੱਤਰਕਾਰਾਂ, ਸੰਪਾਦਕਾਂ ਵਾਲਾ ਕੋਈ ਵੇਸ ਨਹੀਂ ਨੇੜੇ ਆਣ ਦਿੱਤਾ ਇਸ ਨਜ਼ਮਕਰਤਾ ਨੇ। ਪੁਰਅਮਨੀ, ਪ੍ਰਾਪੇਗੰਡੇ ਤੋਂ ਪਰਹੇਜ਼ਗਾਰ ਹੋ ਵਿਚਰਦਾ ਹੈ। ਨੁਮਾਇਸ਼ ਮਨਫ਼ੀ ਹੈ ਇਸ ਕੌੜੇ ਤੁੰਮੇ ਦੀ ਜ਼ਿੰਦਗੀ ਵਿਚੋਂ। ਕੌੜਾ ਵੀ ਖ਼ਸਲਤੇ ਪਰ ਮਿੱਠੀ ਸਦਾਕਤ ਦੀ ਖ਼ਾਤਰ। ਨਿੰਮ ਦਾ ਛਾਂਗਤ ਹੈ ਨਾ...!

-ਪ੍ਰ. ਸ. ਸੰਗ